# B-40

# JANAMSAKHI
# GURU BABA NANAK



# PAINTINGS

B-40

JANAMSAKHI

GURU BABA NANAK

# PAINTINGS

**Original Painting Sizes**

| | |
|---|---|
| Full | 5" x 8.1/4" |
| Three Quarter | 5" x 6.1/4" |
| Half | 4.1/2" x 5" |
| One Third | 3" x 5" |

# B-40
# JANAMSAKHI
# GURU BABA NANAK

# PAINTINGS

GURU NANAK DEV UNIVERSITY
AMRITSAR

©
Guru Nanak Dev University, Amritsar

ISBN 81-7770-011-1

*Editor* : Surjit Hans

**Price** : Rs. 300/-

Published by Dr. R.S. Bawa, Registrar and Printed by
S. Jagjit Singh Walia, Director, Press & Publications Department,
Guru Nanak Dev University, Amritsar-143005.

# ACKNOWLEDGEMENTS

*India Office Library,* London, has very kindly permitted the publication of the paintings of Guru Nanak in ms B-40 in their possession. Their favour is greatfully acknowledged.

Originally, the permission to publish these paintings was given to *Professor W.H. McLeod* who withdrew his request in favour of Guru Nanak Dev University, Amritsar. *Professor W.H. McLeod* has laid us permanently under a debt of obligation. The editor is deeply grateful to him.

*Professor J.S. Grewal* decided to publish the B-40 paintings when he became the Vice-Chancellor of the University. He was the initiator of the process, culminating in the publication of the album. Many respectful thanks to him.

*Dr. C.S. Chan* has very kindly checked the order of the paintings by comparing them with the ones in the manuscript. This is one of his many kindnesses for which I am personally grateful.

*Mr. R.S. Dhillon,* Slough and *Mr. K.S. Purewal,* Coventry, are warmly thanked for the hospitality during my stay in U.K. which made my study of these paintings possible.

*Dr. Kirpal Singh,* the University Librarian acquired the transparencies from the India Office Library. His tenacious efforts to complete the project of Guru Nanak album are thankfully acknowledged.

Thanks are sincerely offered to *Dr. S.S. Sagar* for his constant association in the preparation of the manuscript for publication.

*S. Jaswant Singh,* History Department, was patiently helpful in typing the manuscript. *Mr. S.S. Sohal* and *Dr. Gurdev Singh* of the Department of History were equally helpful in different ways.

I take this opportunity of acknowledging the interest, industry, and unflagging enthusiasm of Mr. Jagjit Singh Walia, Director, Press & Publication Department of the University in publishing the album.

My sincerest thanks go to the Vice-Chancellor of Guru Nanak Dev University, Amritsar.

# ਧੰਨਵਾਦ

ਇੰਡੀਆ ਆਫ਼ਿਸ ਲਾਇਬਰੇਰੀ, ਲੰਡਨ ਨੇ ਬੜੀ ਮਿਹਰਬਾਨੀ ਕੀਤੀ ਹੈ ਜਿਹਨਾਂ ਨੇ ਆਪਣੀ ਹੱਥ-ਲਿਖਤ ਬੀ-40 ਵਿਚ ਬਾਬੇ ਨਾਨਕ ਦੇ ਚਿੱਤ੍ਰਾਂ ਦੇ ਪ੍ਰਕਾਸ਼ਨ ਦੀ ਆਗਿਆ ਦਿੱਤੀ ਹੈ। ਉਹਨਾਂ ਦੀ ਮਿਹਰਬਾਨੀ ਦਾ ਧੰਨਵਾਦ ਸਹਿਤ ਉੱਲੇਖ ਕੀਤਾ ਜਾਂਦਾ ਹੈ।

ਪਹਿਲਾਂ ਬਾਬੇ ਨਾਨਕ ਦੇ ਚਿੱਤ੍ਰਾਂ ਦੇ ਪ੍ਰਕਾਸ਼ਨ ਦੀ ਇਜਾਜ਼ਤ ਪ੍ਰੋਫ਼ੈਸਰ ਮਕਲਾਊਡ ਨੂੰ ਮਿਲੀ ਸੀ ਜਿਹੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਹੱਕ ਵਿਚ ਆਪ ਹੀ ਕ੍ਰਿਪਾ-ਸਹਿਤ ਪਿੱਛੇ ਹਟ ਗਏ। ਪ੍ਰੋਫ਼ੈਸਰ ਮਕਲਾਊਡ ਨੇ ਯੂਨੀਵਰਸਿਟੀ ਉੱਤੇ ਹਮੇਸ਼ਾ ਰਹਿਣ ਵਾਲਾ ਅਹਿਸਾਨ ਕੀਤਾ ਹੈ। ਸੰਪਾਦਕ ਉਹਨਾਂ ਦਾ ਅਤਿ ਧੰਨਵਾਦੀ ਹੈ।

ਬਾਬਾ ਨਾਨਕ ਚਿੱਤ੍ਰਾਵਲੀ ਦੇ ਪ੍ਰਕਾਸ਼ਨ ਦੇ ਕਾਰਜ ਦਾ ਮੁੱਢ ਉਦੋਂ ਬੱਝਾ ਜਦੋਂ ਪ੍ਰੋਫ਼ੈਸਰ ਜ.ਸ. ਗਰੇਵਾਲ ਹੋਰਾਂ ਵਾਈਸ ਚਾਂਸਲਰ ਬਣਨ 'ਤੇ ਇਹਨਾਂ ਚਿੱਤ੍ਰਾਂ ਨੂੰ ਪ੍ਰਕਾਸ਼ਨ ਕਰਨ ਦਾ ਫੈਸਲਾ ਕੀਤਾ ਸੀ। ਉਹਨਾਂ ਦਾ ਸਨਿਮਰ ਧੰਨਵਾਦ ਹੈ।

ਡਾ: ਚ.ਸ. ਚੰਨ ਨੇ ਚਿੱਤ੍ਰ ਲੜੀ ਨੂੰ ਮੂਲ ਨੁਸਖੇ ਦੇ ਚਿੱਤ੍ਰਾਂ ਅਨੁਸਾਰ ਵਾਚ ਕੇ ਇਹਨਾਂ ਦੀ ਤਰਤੀਬ ਦੱਸੀ। ਇਹ ਮੇਰੇ ਉੱਤੇ ਅਨੇਕਾਂ ਮਿਹਰਬਾਨੀਆਂ ਵਿਚ ਇਕ ਹੋਰ ਮਿਹਰਬਾਨੀ ਦਾ ਵਾਧਾ ਹੈ।

ਸ਼੍ਰੀ ਰ.ਸ. ਢਿੱਲੋਂ, ਸਲਾਓ, ਸ਼੍ਰੀ ਕ.ਸ. ਪੁਰੇਵਾਲ, ਕਾਵੈਂਟਰੀ ਹੋਰਾਂ ਦੀ ਪ੍ਰਾਹੁਣਾਚਾਰੀ ਦਾ ਧੰਨਵਾਦ ਹੈ ਜਿਸਦੇ ਸਦਕੇ ਮੈਂ ਇੰਗਲੈਂਡ ਵਿਚ ਇਹਨਾਂ ਚਿੱਤ੍ਰਾਂ ਦਾ ਅਧਿਐਨ ਕਰ ਸਕਿਆ।

ਯੂਨੀਵਰਸਿਟੀ ਦੇ ਲਾਇਬਰੇਰੀਅਨ ਡਾ. ਕਿਰਪਾਲ ਸਿੰਘ ਨੇ ਬੜੀ ਹਿੰਮਤ ਨਾਲ ਇੰਡੀਆ ਆਫ਼ਿਸ ਲਾਇਬਰੇਰੀ ਤੋਂ ਇਹਨਾਂ ਚਿੱਤ੍ਰਾਂ ਦੀਆਂ ਟਰਾਂਸਪੇਰੈਸੀਆਂ ਮੰਗਵਾਈਆਂ। ਚਿੱਤ੍ਰਾਵਲੀ ਦੇ ਪ੍ਰਾਜੈਕਟ ਨੂੰ ਸਿਰੇ ਲਾਉਣ ਲਈ ਮੈਂ ਉਹਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਲਈ ਸ਼ੁਕਰਗੁਜ਼ਾਰ ਹਾਂ।

ਡਾ. ਸ.ਸ. ਸਾਗਰ ਦਾ ਅਤਿ ਧੰਨਵਾਦ ਹੈ ਜਿਹਨਾਂ ਪ੍ਰੈਸ ਕਾਪੀ ਦੀ ਤਿਆਰੀ ਵਿਚ ਹਰ ਕਿਸਮ ਦੀ ਮਦਦ ਕੀਤੀ ਹੈ।

ਇਤਿਹਾਸ ਵਿਭਾਗ ਦੇ ਸ. ਜਸਵੰਤ ਸਿੰਘ ਨੇ ਲਗਨ ਅਤੇ ਸਬਰ ਨਾਲ ਟਾਈਪ ਦਾ ਕੰਮ ਕੀਤਾ। ਵਿਭਾਗ ਦੇ ਸ਼੍ਰੀ ਸ.ਸ. ਸੋਹਲ ਅਤੇ ਡਾ. ਗੁਰਦੇਵ ਸਿੰਘ ਹੋਰਾਂ ਕਈ ਤਰ੍ਹਾਂ ਦੀ ਸਹਾਇਤਾ ਕੀਤੀ। ਮੈਂ ਇਹਨਾਂ ਸੱਜਣਾਂ ਦਾ ਰਿਣੀ ਹਾਂ।

ਮੈਂ ਸ਼੍ਰੀ ਜਗਜੀਤ ਸਿੰਘ ਵਾਲੀਆ, ਯੂਨੀਵਰਸਿਟੀ ਦੇ ਡਾਇਰੈਕਟਰ, ਪ੍ਰੈਸ ਤੇ ਪ੍ਰਕਾਸ਼ਨ ਵਿਭਾਗ ਦੀ ਦਿਲਚਸਪੀ, ਮਿਹਨਤ ਅਤੇ ਉਤਸ਼ਾਹ ਦਾ ਅਹਿਸਾਨਮੰਦ ਹਾਂ ਜਿਹਨਾਂ ਚਿੱਤ੍ਰਾਵਲੀ ਦੇ ਪ੍ਰਕਾਸ਼ਨ ਨੂੰ ਨੇਪਰੇ ਚਾੜ੍ਹਿਆ।

ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਾਹਿਬ ਦਾ ਅਤਿ ਧੰਨਵਾਦੀ ਹਾਂ।

# INTRODUCTION

The India Office Library has a manuscript, accession number B-40. The *Janamsakhi* has been called after the number. It is the oldest extant manuscript of the Panjabi language. The year of its writing is 1733 A.D. Luckily the *Janamsakhi* manuscript has 57 paintings. They constitute a unique achievement of Sikh art. Sikh painting is usually associated with the reign of Maharaja Ranjit Singh. The paintings are called Sikh because they were created for the Sikh patrons. B-40 paintings are doubly Sikh. They were not only painted by a Sikh for the Sikhs but also embody the basic doctrines of Sikhism. No other group of paintings has been found to fulfil an ideological function so far.

Some of the eminent scholars have examined, translated and edited the *B-40 Janamsakhi* without paying enough attention to the extraordinary merit of its paintings. In fact the artistic worth of the paintings is at par with the literary merit of the *Janamsakhi*. There were two reasons which made their neglect obligatory. A formal, aesthetic understanding of the *janamsakhi* genre was yet to be arrived at. The scholars had no inkling of the Sikh aesthetics, created and technically perfected by Guru Nanak to be strictly adhered to by the Gurus and the orthodox Sikh writers of *Janamsakhi* and *Gurbilas* literature. That is why these paintings were supposed to be poor specimens of one school of art or the other. Nothing could be farther from truth.

There are five cardinal points of Sikh aesthetics. A number of things are naturally beautiful. But natural beauty is not enough. Man can suffer a loss of sense of beauty because of spiritual heedlessness. *Bhagats,* God, His abode, redemption, and means of deliverance are beautiful. The organisational form of redemption, i.e., the *panth,* is a constituent of beauty. The B-40 paintings eminently uphold the Sikh aesthetics to reinforce the *Janamsakhi* intentions. The purpose and function of the *Janamsakhi* is to establish (1) the spiritual sovereignty of Guru Nanak according to (2) scripture and (3) tradition.

The miracles in the *janamsakis* are symbolic of the 'spiritual prowess' of Guru Nanak in the process of establishing his religious sovereignty. The *B-40 Janamsakhi* has a detailed discussion on Sikh doctrines, which have to be conveyed through the paintings. Some of the doctrinal discussion is about the questions – how was Baba Nanak Guru without ever having a *guru?* Who was his Guru? What is the principle of the line of succession of the Sikh Gurus to nullify the claims of the rivals? The *Janamsakhi* propagates a Sikh attitude towards contemporary reality in that the debased *kaliyuga* has no influence over the Sikhs.

The painter, Alam Chand Raj (lit. bricklayer), has a profound understanding of Sikhism. He has the technical inventiveness to convey the ideas of Sikhism in the paintings.

A religious painting has necessarily to be un-realistic. *Lok* (world) and *parmarth* (transcendental reality) are on qualitatively different levels. That is why some of the paintings are divided into two planes. In painting (1) the noisy school children are on one plane while the higher one is occupied by the teacher, the pupil Nanak and his father. Similarly painting (16) has Pathan revelers on one level, Baba Nanak and Mardana on the other. In (30) Baba Nanak reaches Mecca much earlier than the Muslim pilgrims who had refused him their company. This may sound trivial unless we reach picture (18). Baba Nanak is practising austerities moving from one heap of dust to another. The two planes of the painting are suggesting 'here' and 'beyond'. Significantly, Baba's feet do not touch the plane of the world. This is not the case in (1) where the wooden platform of the teacher stretches across the planes. The painting 'Baba Nanak Practises Austerities' (18) suggests that even when Mardana is a companion of Baba Nanak, his 'nature' is different. He appears to have 'realised' the divine in Baba Nanak and the distance separating them. He is disconsolate. His head is pressing on his knee. The rebec has dropped. Baba Nanak is in the supramundane sphere. The supramundane can meet the mundane. Any thought that Baba Nanak inhabits the ordinary world is mistaken. Division into planes (57) makes the representation of the message of death of Baba Nanak possible. Kamla, the servant is pictured as a boy. The three *jogeshwaras* are the messengers. There is a rope like twist in the joining of the planes. The lower part of the picture looks like the nether world with a stunted tree and a bird sitting on its roof or the base of the ordinary world. The sitting of a bird on the ground is the only instance of its kind in the painting series.

Levitation in (2), (3), and (12) makes Baba Nanak belong to a higher world. It is certainly not the case that Alam Chand Raj does not know how to balance his figures.

The painter can be emblematic. The onlookers in 'Mendicants, Baba Nanak and Mardana at Mula Khatri's' (23) are wee little figures in the windows by the top of the tree. So is 'Baba Nanak and Mardana with Two Countrymen' (41). Baba Nanak has spiritually matured with his beard in 'Baba Nanak and Mardana in Wilderness' (5) when he leaves home for an *udasi* for the first time. His beard has started going grey after his meeting with God in 'Baba Nanak in the Ecstasy of Prayer' (28). The painter has his own reason why Guru Nanak is called Baba, grandfather. In (47) four flags represent the four hoards of the magnate.

Baba Nanak establishes his 'spiritual sovereignty' because he is the supreme *bhagat* of God to defeat the leaders of other religious denominations in spiritual combats, described as *goshtis*. Baba Nanak scores over Abdul Rehman. In the text Mian Mitha points out that he has gone 'red' because of his association with *khudai ka lal* which means the 'favourite son of God' i.e. Baba Nanak or the 'diamond of God'. Diamond is a symbol of *nam* in Sikh religion. It is commonly known that *majith,* an extinct plant yielding a red organic dye, is a symbol of devotion in Sikhism. In the painting (7) the traditional blue dress of the Muslim Abdul Rehman has changed to a variety of red. The cap of Baba Nanak and the dress of Mardana stays deep red throughout the book. The colour of Abdul Rehman's cap is just like the one on Baba Nanak's head, not the Islamic green on Mian Mitha's head. The victories over the caretaker of Mecca (12), Shaikh Rukn-ud-Din (13), Haji Rattan (14), Kamal and Shaikh Ibrahim Farid (15), Karoria revenue-collector (17), female magicians (19), Gorakhnath (20), Pilgrims to Durga (22), *siddhas* (27, 44), kings (29, 32, 35), *fakirs* (30), Dattatreya (46), a magnate (47) a robber baron (49), Shaikh Sharf (50), a philosopher (52), Gorakh and Death (53), a demon (8) and *Kali yuga* (10) are directly portrayed.

The painter makes a symbolic use of colour to make red stand for submission in Kamal's clothes (15) the king's dress (29, 32, 35), the shepherd's turban (40), the tank at Achal (27, 44), the dress of the magnate (47), the clothes of the robber baron (49) and the transvestism of Shaikh Sharf (50). The same colour on the caps of Baba Nanak and Kabir (31) points out their spiritual affinity posited by Sikh theology. The white of Kabir's dress, denotative of spirituality, is shared only by Baba Nanak (6, 10, 29, 44) his father Mehta Kalu (4, 6), Death (53), Guru Angad (21, 22), Gorakhnath (20, 27, 44), a Sikh (11). The white exquisitely represents the 'spiritual' disguise of the robber (9). Alam Chand Raj uses a repertory of devices. At times one cancels the other: for instance, the white cloak of the Pathan is negatived by its placement in the lower plane.

Alam Chand Raj has recourse to a number of technical devices to portray the spiritual sovereignty of Guru Nanak. Guru Nanak's portrayal is divinized by painting his face three fourth. All the other major characters are painted in profile. Alternatively a three fourth face is shown only in the case of minor figures like school children (1), the prisoners of a demon (8) the Pathan revelers (16) the temptresses (19, 34), a traveller to Durga temple (21), a pilgrim to Mecca, (30), ordinary man (36, 41, 42). The device of portraying the face three fourth is at times cancelled by another one of a different kind. The demon's symbolic face (8) is cancelled by its animality; those of *siddhas* (20,27,44) by the smallness of their size; and those of the traveller to Mecca (30), Death (53), *jogeshwaras* (57) by their being in the lower plane. Only Kabir (31) is painted like Guru Nanak. His face is only slightly smaller in size; he is just a little on the lower plane. These little differences have a theological meaning. The affinity of Kabir and Guru Nanak had already been pointed out in relation to the device of white dress.

Guru Nanak always occupies a higher elevation in the pictures. He is more richly dressed than the others. The modern viewer is shocked into a realisation that opulence and spirituality could go together in the medieval times. The area covered by Guru Nanak is always more than any other person. Symbolically, Guru Nanak has canopy of tree on his head, denotative of his spiritual royalty. *Sakhi* 57 itself gives an indication of it – "there was a *pipal* tree in the court of Baba Nanak. He had his *manji* i.e. throne under it". In the paintings, Guru Nanak always sits under a tree except when the demands of composition rule this device out. At the same time, it must be confessed that 'The Meeting with the *Siddhas* at Achal' (27, 44) is emblematically puzzling. The 'royal' tree is alive with birds and laden with fruit. It is symbolic of the spiritual power of Baba Nanak which makes the hustle and bustle of earthly existence possible.

The painter employs the unsettling device of Guru Nanak's gaze. The characters in the paintings focus their eyes on the centre of action or on Guru Nanak who looks to be directing his gaze beyond them and the world to the viewer. This is equivalent to producing 'the proper frame of mind to receive the spiritual message' in the *Janamsakhi* text. This is especially so where there are numerous figures (6, 7, 8, 10, 11, 15, 19, 23, 27, 29, 32, 34, 35, 36, 41, 44, 45, 46, 48, 50, 52, 53). The double vision of the picture stands for the split between the mundane and the supramundane (41, 48). The closed eyes of Guru Nanak at Mecca (12) speak of his sense of sight, having reached the presence of God. Here levitation and closed eyes mutually reinforce the suggestion. Interestingly Mardana's gaze almost always runs horizontally to suggest his self-effacing devotion, echoed by the red symbolism of his dress. All the devices seem to concentrate in 'The

Meeting with Bhagat Kabir' (31). The attention of the birds reinforces the action in the picture. Even their movements are to a purpose. In (49) the birds compositionally repeat the figures. In (31) the peacock jumps from a tree over Guru Nanak's head to the one over Kabir. The peacock jumps from the side of Guru Angad to the one of Guru Nanak (54) when Guru Angad has just assumed the Guruship. Not surprisingly, Guru Angad is now on a higher elevation in the painting.

The perspective in the pictures has the quality of 'being on the end of the world'. In (17), it suggests that the *Karoria* is meeting Guru Nanak away from the village. So is Guru Nanak's meeting with his parents (6). The 'end of the world' perspective is a means of fostering a spiritual frame of mind. There is hardly any sky in the paintings. Whatever sky is there is filled by the flight of birds. Yet the paintings are not claustrophobic. The flight of the soul has paradoxically made the pictorial space into an expansive world especially in (3, 6, 7, 8, 10, 11, 14, 15, 20, 22, 26, 46, 51, 52, 53, 56). Thus the concentration of a number of motifs in 'The Practice of Austerities' (18), 'The Ecstasy of Prayer' (28), 'The Meeting with Bhagat Kabir' (31), and 'the Assumption of Guruship by Guru Angad' (54) makes them great paintings by any standard.

The gesture made by hands is used with exquisite facility to protray spiritual combat. A hand is raised in authority by the school teacher (1), Rai Bular, the *zamindar* of Guru Nanak's native village (3) and from (6) onwards only by Guru Nanak. His hand is raised with the authority of a spiritual message, symbolised by rosary (7). In (7), Abdul Rehman, too, is making a doctrinal point. 'The Innocent Robber' (9) is yet to submit. The caretaker of Mecca is raising his hand in protest (12). The hands of the debating *siddhas* make sense (20). But the gesture of submission with folded hands like *Kaliyuga* (10) is the norm. Alternatively, they rest on the knees (13) of Haji Rattan or Dattatreya (46). Death is subordinate only to Guru Nanak by being on the lower plane but it is an 'authoritative' cause of the birth of spirit (53). One is struck again by the theologically artistic greatnss of 'the Meeting with Bhagat Kabir' (31). The repertory of technical devices to establish the spiritual sovereignty of Guru Nanak is always selectively used according to the requirements of the doctrine and context.

*B-40 Janamsakhi* has a detailed discussion on the Sikh doctrines. One of the key questions in Sikh religion is the nature of Guru Nanak's Guruship. How was he a Guru without having a *guru*? In *Sakhi* 28 "God is Guru and Baba Nanak is *jagat guru*", i.e., the *guru* of the world. Gorakh Nath tells Baba Nanak in *Sakhi* 22 that "his Guru will be born of him". He is Guru Angad transmuted from Lehna not only in name but also in substance. The

pictorial representation of the doctrine is in painting (54) when Guru Nanak ordains Guru Angad 'to speak of God in the accompanying *Sakhi* 53 *Sakhi* 23 speaks of *joti meh jote samai,* the merging of the spiritual flame of Guru Nanak with that of Angad; picture (22) is an attempt at the idea. The text gives an indication that Angad is dressed in white. In this case, it must be conceded that the pictorial representation does not match the narrative skill. The pictorial and the narrative representations are different by their natures; their very difference makes complementariness possible.

The *Janamsakhi* supports the orthodox line of succession of the Sikh Gurus. In *Sakhi* 27 Guru Nanak tells Ajita Randhawa (his legendary Sikh, symbolic of Sikh *panth)* of *nave jame,* the ninth incarnation, and numerous claimants *(ghari ghari manjian)* to the Sikh throne. Guru Nanak is called 'Govind' in *Sakhi* 54. The representations of Guru Angad pictorially proclaims the orthodox line of succession in that he is always painted in the image of Guru Gobind Singh. Here, the image is the argument. After Guru Nanak the most painted person is Guru Angad (20, 21, 54, 55, 56). Ajita Randhawa comes next in the frequency of representations (26, 43) followed by a Sikh (11, 51). Keeping in mind the representation of face in (9, 41, 49), one gets the impression that the painter is obliquely suggesting the *panth* of Guru Gobind Singh. Lastly it is remarkable that the *ms B-40* was produced in the period of persecution of the Sikhs. Not surprisingly, *Sakhi* 38 advises the Rohilla Pathans specifically against the persecution of the Sikhs.

The picture of *Kaliyuga* (10) makes an important point of Sikh theology. Guru Nanak created religion beyond the evil influence of *Kali yuga* to ensure its effectiveness. The text indicates that *Kaliyuga* was ordered by Guru Nanak to assume a human form. His submission to Guru Nanak in the picture corroborates his promise to him in the text that he would not harm his Sikhs.

In the picture (28), Baba Nanak is in the ecstasy of prayer in the court of God. It is literally an ek + stasis of a dancer-like posture. The hands of Guru Nanak are pointing out to God as if they are offering him the rosary of devotion. Looking more attentively at the picture one realises that the weight of Guru Nanak's body falls on neither of his feet. Inspiration has thrown him off his balance. But his figure is not unstable in the painting. Probably, the falling weight of Guru Nanak's head makes it balance. The stretched neck has raised his face slightly as if he were concentrating on God only to be dazed by His glory. An impression of the ecstasy of Guru Nanak can be had from the bird in the tree which is looking intently at him. Guru Nanak's inspiration is affecting Mardana too. An ecstatic play on the rebec is

making the instrument press hard against his shoulder. The look in the eyes of Mardana is creating an impression as if he has lost his power to look at Guru Nanak. He is literally wide-eyed in his incapacity. The area covered by the sky is so small that the place looks to be the end of the world. The technical convention has helped to make the picture as if 'the Court of God' was around. It is a beautiful picture of 'inspiration' even if the viewer is ignorant of its symbolism.

'In Wilderness' (5) gives us a contemporary appreciation of nature. There is social history with Bhola, the Robber (9). 'The Practice of Austerities' (18) embodies the medieval vision. 'The Ecstasy of Prayer' (28) has been discussed above. 'The Meeting with Bhagat Kabir' (31), 'Baba Nanak, Guru Angad and Mardana' (54) are the hallmarks of theological painting. The group of 57 paintings is a supreme example of the Sikh aesthetics in painting. It must be remembered that the practice of Sikh aesthetics is not easier but more difficult than that of the conventional art. An ideological pictorial art requires a number of paintings to bring home to the viewer the conventions which have been specifically adopted as the vehicles of expression. As a consequence,all the paintings in the series are necessarily on different levels of artistic merit. The B-40 paintings pictorially match the art of the *B-40 Janamsakhi* narrative. A higher praise is difficult to imagine.

# ਭੂਮਿਕਾ

ਇੰਡੀਆ ਆਫਿਸ ਲਾਇਬਰੇਰੀ ਵਿਚ ਹੱਥ ਲਿਖਤ ਬੀ-40 ਹੈ। ਜਨਮਸਾਖੀ ਦਾ ਨਾਂਉ ਵੀ ਹੱਥ ਲਿਖਤ ਦੇ ਨੰਬਰ 'ਤੇ ਪੈ ਗਿਆ। ਪੰਜਾਬੀ ਬੋਲੀ ਦੀ ਇਸ ਤੋਂ ਵੱਧ ਪੁਰਾਣੀ ਕੋਈ ਹੋਰ ਹੱਥ ਲਿਖਤ ਨਹੀਂ ਮਿਲਦੀ। ਇਸ ਦੀ ਰਚਨਾ ਦਾ ਸਾਲ 1733 ਈਸਵੀ ਹੈ। ਚੰਗੇ ਭਾਗਾਂ ਨੂੰ ਜਨਮਸਾਖੀ ਦੇ ਨੁਸਖੇ ਵਿਚ 57 ਚਿੱਤ੍ਰ ਹਨ। ਇਹ ਚਿੱਤ੍ਰਮਾਲਾ ਸਿੱਖ ਚਿੱਤ੍ਰਕਾਰੀ ਦੀ ਉੱਤਮ ਪ੍ਰਾਪਤੀ ਹੈ। ਆਮ ਤੌਰ 'ਤੇ ਸਿੱਖ ਚਿੱਤ੍ਰਕਾਰੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨਾਲ ਜੋੜਿਆ ਜਾਂਦਾ ਹੈ। ਉਸ ਸਮੇਂ ਦੇ ਚਿੱਤ੍ਰਾਂ ਨੂੰ ਇਸ ਕਰਕੇ ਸਿੱਖ ਕਿਹਾ ਜਾਂਦਾ ਹੈ ਕਿਉਂਕਿ ਉਹ ਸਿੱਖ ਸਰਪਰਸਤਾਂ ਲਈ ਬਣਾਏ ਗਏ ਸਨ। ਬੀ-40 ਤਸਵੀਰਾਂ ਦੂਹਰੀਆਂ ਸਿੱਖ ਹਨ। ਇਹਨਾਂ ਨੂੰ ਸਿੱਖ ਚਿੱਤ੍ਰਕਾਰ ਨੇ ਸਿੱਖਾਂ ਲਈ ਬਣਾਇਆ ਹੀ ਨਹੀਂ ਸਗੋਂ ਇਸ ਵਿਚ ਸਿੱਖ ਧਰਮ ਦੇ ਸਿਧਾਂਤਾਂ ਨੂੰ ਵੀ ਦਰਸਾਇਆ ਗਿਆ ਹੈ। ਪੰਜਾਬ ਵਿਚ ਸਾਨੂੰ ਕੋਈ ਅਜਿਹਾ ਚਿੱਤ੍ਰ ਸੰਗ੍ਰਹਿ ਨਹੀਂ ਮਿਲਿਆ ਜਿਹੜਾ ਕਿਸੇ ਵਿਚਾਰਧਾਰਾ ਨੂੰ ਨਿਰੂਪਨ ਕਰਦਾ ਹੋਵੇ।

ਕਈ ਪ੍ਰਮੁੱਖ ਵਿਦਵਾਨਾਂ ਨੇ ਬੀ-40 ਨੁਸਖੇ ਨੂੰ ਵਾਚਿਆ ਹੈ ਜਾਂ ਇਹਦਾ ਅਨੁਵਾਦ, ਸੰਪਾਦਨ ਕੀਤਾ ਹੈ ਪਰ ਉਹਨਾਂ ਚਿੱਤ੍ਰਮਾਲਾ ਦੀਆਂ ਅਸਧਾਰਨ ਖ਼ੂਬੀਆਂ ਵਲ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਅਸਲ ਗੱਲ ਤਾਂ ਇਹ ਹੈ ਕਿ ਚਿੱਤ੍ਰਾਵਲੀ ਦਾ ਕਲਾਤਮਕ ਮੁੱਲ ਜਨਮਸਾਖੀ ਦੀ ਸਾਹਿਤਕ ਪ੍ਰਾਪਤੀ ਦੇ ਬਰਾਬਰ ਦਾ ਹੈ। ਪਰ ਦੋ ਕਾਰਨ ਅਜਿਹੇ ਸਨ ਜਿਹਨਾਂ ਨੇ ਚਿੱਤ੍ਰਾਂ ਨੂੰ ਅਣਗੌਲਣਾ ਜ਼ਰੂਰੀ ਕਰ ਦਿੱਤਾ। ਇਕ ਤਾਂ ਜਨਮਸਾਖੀ ਸਾਹਿਤ ਰੂਪ ਦੇ ਸੌਂਦ੍ਰਯਾਤਮਕ-ਰੂਪਕ ਪੱਖ ਦੀ ਸਮਝ ਅਜੇ ਆਉਣੀ ਸੀ। ਦੂਸਰੇ ਸਿੱਖ ਧਰਮ ਦੇ ਵਿਦਵਾਨਾਂ ਨੂੰ ਸਿੱਖ ਸੌਂਦ੍ਰਯ ਦਾ ਕੋਈ ਖਿਆਲ ਨਹੀਂ ਸੀ ਜਿਸਨੂੰ ਬਾਬੇ ਨਾਨਕ ਨੇ ਉਸਾਰਿਆ ਅਤੇ ਇਹਦੀ ਜੁਗਤ ਨੂੰ ਪੂਰਨ ਕੀਤਾ ਸੀ। ਫੇਰ ਏਸ ਸੌਂਦ੍ਰਯ ਦੀ ਲਗਨ-ਸਹਿਤ ਪੈਰਵੀ ਗੁਰੂ ਸਾਹਿਬਾਂ, ਸਨਾਤਨੀ ਜਨਮਸਾਖੀ-ਕਰਤਾਵਾਂ, ਅਤੇ ਗੁਰਬਿਲਾਸ ਲਿਖਾਰੀਆਂ ਨੇ ਕੀਤੀ। ਇਸ ਕਰਕੇ ਚਿੱਤ੍ਰਾਵਲੀ ਨੂੰ ਕੇਵਲ ਏਸ ਜਾਂ ਓਸ ਕਲਾ ਸਕੂਲ ਦੇ ਨਿਗੂਣੇ ਜਿਹੇ ਨਮੂਨੇ ਹੀ ਸਮਝਿਆ ਜਾਂਦਾ ਰਿਹਾ। ਇਸ ਤੋਂ ਜ਼ਿਆਦਾ ਗ਼ਲਤ ਕੋਈ ਗੱਲ ਹੋ ਨਹੀਂ ਸਕਦੀ।

ਸਿੱਖ ਸੌਂਦ੍ਰਯ ਦੇ ਪੰਜ ਆਧਾਰ ਹਨ। ਕਈ ਚੀਜ਼ਾਂ ਸੁਭਾਵਕ ਹੀ ਸੁਹਣੀਆਂ ਹੁੰਦੀਆਂ ਹਨ। ਪਰ ਸੁਭਾਵਕ ਸੁੰਦਰਤਾ ਨੂੰ ਕਾਫੀ ਸਮਝਣਾ ਗ਼ਲਤੀ ਹੈ। ਮਨੁੱਖ ਬੇਮੁੱਖਤਾ ਕਾਰਨ ਰੂਪ ਦੀ ਸੂਹਜ ਹੀ ਗੁਆ ਲੈਂਦਾ ਹੈ। ਭਗਤ, ਪ੍ਰਭੂ, ਮੁਕਤੀ ਅਤੇ ਮੁਕਤੀ ਦੇ ਸਾਧਨ ਸੁਹਣੇ ਹਨ। ਅੰਤ, ਮੁਕਤੀ ਨੂੰ ਪ੍ਰਾਪਤ ਕਰਨ ਦਾ ਸੰਗਠਨ ਅਰਥਾਤ ਪੰਥ ਵੀ ਰੂਪ ਦਾ ਜ਼ਰੂਰੀ ਤੱਤ ਹੈ। ਬੀ-40 ਚਿੱਤ੍ਰਾਵਲੀ ਸਿੱਖ ਸੌਂਦ੍ਰਯ ਨੂੰ ਸਫਲਤਾ ਨਾਲ ਨਿਰੂਪਨ ਕਰਕੇ ਜਨਮਸਾਖੀ ਰਚਨਾ ਦੇ ਕਾਰਜ ਵਾਲੇ ਉੱਦੇਸ਼ ਨੂੰ ਪੱਕਾ ਕਰਦੀ ਹੈ। ਜਨਮਸਾਖੀ ਦਾ ਉੱਦੇਸ਼ (1) ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ (sovereignty) ਨੂੰ (2) ਆਦਿ ਗ੍ਰੰਥ ਅਰਥਾਤ ਗੁਰਮਤ ਅਤੇ (3) ਸਿੱਖ ਪਰੰਪਰਾ ਅਨੁਸਾਰ ਸਥਾਪਤ ਕਰਨਾ ਹੈ।

ਜਨਮਸਾਖੀ ਵਿਚ ਕਰਾਮਾਤਾਂ 'ਆਤਮਕ ਸ਼ਕਤੀ' ਦੀਆਂ ਲਖਾਇਕ ਹਨ ਜਿਹਨਾਂ ਨਾਲ ਬਾਬੇ ਨਾਨਕ ਦੀ ਧਾਰਮਿਕ ਸਰਵਸ਼ਕਤੀਮਾਨਤਾ ਬਣਦੀ ਹੈ। ਬੀ-40 ਜਨਮਸਾਖੀ ਵਿਚ ਕਈ ਸਿੱਖ ਸਿੱਧਾਂਤਾਂ 'ਤੇ ਵਿਚਾਰ ਹੈ ਜਿਹਨਾਂ ਨੂੰ ਚਿੱਤ੍ਰਾਂ ਰਾਹੀਂ ਵੀ ਪ੍ਰਗਟਾਇਆ ਗਿਆ ਹੈ। ਉਦਾਹਰਣ ਲਈ ਚਰਚਾ ਅਧੀਨ ਮੱਤ ਹਨ—ਬਾਬਾ ਨਾਨਕ ਗੁਰੂ ਧਾਰਨ ਤੋਂ ਬਿਨਾ ਗੁਰੂ ਕਿਵੇਂ ਹੋਇਆ? ਬਾਬੇ ਨਾਨਕ ਦਾ ਗੁਰੂ ਕੌਣ ਸੀ? ਗੁਰ-ਪ੍ਰਨਾਲੀ ਵਿਚ ਉਹ ਕਿਹੜਾ ਨਿਯਮ ਚਲ ਰਿਹਾ ਹੈ ਜਿਸ ਕਾਰਨ ਗੁਰ-ਗੱਦੀ ਦੇ ਵਿਰੋਧੀ ਉਮੀਦਵਾਰਾਂ ਦੇ ਦਾਅਵੇ ਗ਼ਲਤ ਹੋ ਜਾਂਦੇ ਹਨ। ਜਨਮਸਾਖੀ ਸਿੱਖਾਂ ਦੇ ਸਮਕਾਲੀ ਯਥਾਰਥ ਪ੍ਰਤੀ ਰਵੱਯੀਏ ਨੂੰ ਦਰਸਾਉਂਦੀ ਹੈ ਜਿਵੇਂ ਕਿ ਕਲਯੁਗ ਦਾ ਉਹਨਾਂ ਉੱਤੇ ਕੋਈ ਅਸਰ ਨਹੀਂ ਹੈ।

ਆਲਮ ਚੰਦ ਰਾਜ, ਚਿੱਤ੍ਰਕਾਰ ਨੂੰ ਸਿੱਖ ਧਰਮ ਦੀ ਡੂੰਘੀ ਸਮਝ ਹੈ। ਉਹਨੇ ਜੁਗਤ ਦੀਆਂ ਉਹ ਕਾਢਾਂ ਕੱਢੀਆਂ ਹਨ ਕਿ ਸਿੱਖ ਸਿਧਾਂਤ ਨੂੰ ਦਰਸਾਉਣ ਯੋਗ ਹੋ ਗਈਆਂ ਹਨ।

ਧਾਰਮਿਕ ਚਿੱਤ੍ਰਕਾਰੀ ਜ਼ਰੂਰੀ ਤੌਰ 'ਤੇ ਅ-ਯਥਾਰਥਵਾਦੀ ਹੋ ਜਾਂਦੀ ਹੈ। ਇਹਨੇ ਲੋਕ ਅਤੇ ਪ੍ਰਲੋਕ ਨੂੰ ਉਲੀਕਣਾ ਹੁੰਦਾ ਹੈ ਜਿਹਨਾਂ ਦੇ ਦੋ ਵੱਖਰੇ ਵੱਖਰੇ ਗੁਣਾਤਮਕ ਪੱਧਰ ਹਨ। ਇਸੇ ਕਰਕੇ ਕਈ ਤਸਵੀਰਾਂ ਨੂੰ ਸਮਤਲਾਂ ਵਿਚ ਵੰਡਿਆ ਹੋਇਆ ਹੈ। ਚਿੱਤ੍ਰ (1) ਵਿਚ ਰੌਲਾ ਪਾਉਂਦੇ ਵਿਦਿਆਰਥੀਆਂ ਦਾ ਇਕ ਸਮਤਲ ਹੈ ਅਤੇ ਇਸ ਤੋਂ ਉੱਚੇ ਪੱਧਰ ਉਤੇ ਪਾਂਧਾ, ਬਾਲ ਬਾਬਾ ਨਾਨਕ ਅਤੇ ਮਹਿਤਾ ਕਾਲੂ ਹਨ। ਇਸੇ ਤਰ੍ਹਾਂ ਚਿੱਤ੍ਰ (16) ਵਿਚ ਖੁਸ਼ੀਆਂ ਮਨਾਉਂਦੇ ਪਠਾਨ ਇਕ ਪੱਧਰ 'ਤੇ ਹਨ; ਬਾਬਾ ਨਾਨਕ ਤੇ ਮਰਦਾਨਾ ਦੂਸਰੇ ਸਮਤਲ ਉੱਤੇ ਹਨ। ਚਿੱਤ੍ਰ (30) ਵਿਚ ਮੁਸਲਮਾਨ ਫਕੀਰਾਂ ਨੇ ਬਾਬੇ ਨਾਨਕ ਤੇ ਮਰਦਾਨੇ ਨੂੰ ਮੱਕੇ ਜਾਣ ਲਈ ਨਾਲ ਰਲਾਉਣ ਤੋਂ ਨਾਂਹ ਕਰ ਦਿੱਤੀ ਹੈ। ਪਰ ਬਾਬਾ ਨਾਨਕ ਤੇ ਮਰਦਾਨਾ ਉਹਨਾਂ ਨਾਲੋਂ ਕਿਤੇ ਪਹਿਲਾਂ ਮੱਕੇ ਪਹੁੰਚ ਜਾਂਦੇ ਹਨ। ਜਦੋਂ ਤਕ ਅਸੀਂ ਚਿੱਤ੍ਰ (18) 'ਤੇ ਨਹੀਂ ਪਹੁੰਚਦੇ ਸਾਨੂੰ ਇਹ ਵਿਉਂਤ ਨਿਗੂਣੀ ਜਿਹੀ ਪ੍ਰਤੀਤ ਹੋ ਸਕਦੀ ਹੈ। 'ਬਾਬੇ ਤਪ ਅਰੰਭਿਆ'(18) ਵਿਚ ਦੋਵੇਂ ਪਾਸੀਂ ਮਿੱਟੀ ਦੀਆਂ ਢੇਰੀਆਂ ਹਨ। ਬਾਬਾ ਨਾਨਕ ਇਕ ਤੋਂ 'ਜਪੁ' ਪੜ੍ਹਦਾ ਦੂਜੀ ਤਕ ਜਾਂਦਾ ਹੈ ਅਤੇ 'ਜਪੁ' ਪੜ੍ਹਦਾ ਪੜ੍ਹਦਾ ਮੁੜ ਆਉਂਦਾ ਹੈ। ਚਿੱਤ੍ਰ ਦੇ ਦੋ ਸਮਤਲਾਂ ਰਾਹੀਂ ਲੋਕ ਅਤੇ ਪ੍ਰਲੋਕ ਦਾ ਝਾਉਲਾ ਬਣਦਾ ਹੈ। ਮਹੱਤਵਪੂਰਨ ਗੱਲ ਹੈ ਕਿ ਬਾਬੇ ਦੇ ਪੈਰ ਦੁਨਿਆਵੀ ਸਮਤਲ 'ਚ ਨਹੀਂ ਹਨ। ਇਹ ਗੱਲ ਚਿੱਤ੍ਰ (1) ਵਿਚ ਨਹੀਂ ਜਿੱਥੇ ਪਾਂਧੇ ਦਾ ਤਖਤਪੋਸ਼ ਦੋਵੇਂ ਸਮਤਲਾਂ ਨੂੰ ਜੋੜ ਰਿਹਾ ਹੈ। 'ਬਾਬੇ ਤਪ ਅਰੰਭਿਆ' (18) ਵਿਚ ਸੁਝਾਉ ਹੈ ਕਿ ਮਰਦਾਨਾ ਭਾਵੇਂ ਬਾਬੇ ਨਾਨਕ ਦਾ ਹਮ-ਸਫਰ ਹੈ ਪਰ ਉਹਨਾਂ ਦੀ 'ਪ੍ਰਕਿਰਤੀ' ਭਿੰਨ ਹੈ। ਮਰਦਾਨੇ ਨੂੰ ਬਾਬੇ ਨਾਨਕ ਦੇ ਦੈਵੀਪਨ ਦਾ ਅਹਿਸਾਸ ਹੋ ਗਿਆ ਲਗਦਾ ਹੈ। ਉਹ ਨਰਾਸ਼, ਗੋਡੇ ਤੇ ਮੂੰਹ ਧਰੀ ਬੈਠਾ ਹੈ ਅਤੇ ਰਬਾਬ ਦੂਰ ਪਈ ਹੈ। ਬਾਬਾ ਨਾਨਕ ਪਰਾਸੰਸਾਰ ਵਿਚ ਹੈ। ਸੰਸਾਰ ਅਤੇ ਪਰਾਸੰਸਾਰ ਦਾ ਮੇਲ ਤਾਂ ਹੋ ਸਕਦਾ ਪਰ ਅਜਿਹਾ ਖਿਆਲ ਭੁੱਲ ਹੈ ਕਿ ਬਾਬਾ ਨਾਨਕ ਸਾਧਾਰਨ ਜਗਤ ਵਿਚ ਵਿਚਰਦਾ ਹੈ। ਚਿੱਤ੍ਰ (57) ਵਿਚ ਸਮਤਲਾਂ ਦੀ ਵੰਡ ਹੀ ਬਾਬੇ ਦੇ ਚਲਾਣੇ ਦੇ ਸੁਨੇਹੇ ਨੂੰ ਉਲੀਕਣਾ ਸੰਭਵ ਬਣਾਉਂਦੀ ਹੈ। ਕਮਲੇ ਨੌਕਰ ਨੂੰ ਬਾਲ ਵਾਂਗੂ ਚਿੱਤ੍ਰਿਆ ਹੈ। ਤਿੰਨ ਜੋਗੀਸ਼ਰ ਸੁਨੇਹਾ ਲੈ ਕੇ ਆਏ ਹਨ। ਸਮਤਲ ਰੱਸੇ ਦੇ ਵੱਟ ਜਿਹੇ ਨਾਲ ਜੁੜੇ ਹਨ। ਹੇਠਲਾ ਹਿੱਸਾ ਪਾਤਾਲ ਜਿਹਾ ਹੈ ਜਿਸ ਵਿਚ ਨਿਸਫੁੱਲਤ ਬਿਰਛ ਹੈ। ਪਾਤਾਲ ਦੀ ਛੱਤ ਉੱਤੇ ਪੰਛੀ ਬੈਠਾ ਹੈ ਜਿਹੜੀ ਏਸ ਜਗਤ ਦੀ ਨੀਂਹ ਹੈ। ਚਿੱਤ੍ਰਾਵਲੀ ਵਿਚ ਪੰਛੀ ਦੀ ਅਜਿਹੀ ਬੈਠਕ ਦੀ ਇਹ ਇਕੋ ਇਕ ਮਿਸਾਲ ਹੈ।

ਚਿੱਤ੍ਰ (2) (3) (12) ਵਿਚ ਲਘੁਤਾ-ਆਕ੍ਰਸ਼ਨ (levitation) ਸਦਕੇ ਬਾਬਾ ਨਾਨਕ ਪਰਾਸੰਸਾਰੀ ਹੋ ਜਾਂਦਾ ਹੈ। ਇਹ ਗੱਲ ਨਹੀਂ ਕਿ ਆਲਮ ਚੰਦ ਰਾਜ ਨੂੰ ਆਪਣੇ ਆਕਾਰਾਂ (figures) ਦਾ ਸੰਤੁਲਨ ਰੱਖਣਾ ਨਹੀਂ ਆਉਂਦਾ।

ਚਿੱਤ੍ਰਕਾਰ ਕਈ ਥਾਵਾਂ, ਤੇ ਚਿੰਨ੍ਹ ਮਾਤਰ ਹੋ ਗਿਆ ਹੈ। 'ਮੂਲੇ ਖਤਰੀ ਦੇ ਘਰ ਸਾਧੂ, ਬਾਬਾ ਨਾਨਕ ਤੇ ਮਰਦਾਨਾ' (23) ਵਿਚ ਦਰਖੱਤ ਦੀ ਛੱਤਰੀ ਦੇ ਨਾਲ ਦੀਆਂ ਬਾਰੀਆਂ ਦੇ ਚਿੰਨ੍ਹ ਮਾਤਰ ਵਿਅਕਤੀ ਦਰਸ਼ਕਾਂ ਦੀ ਭੀੜ ਲਈ ਹਨ ਜਿਹੜੀ ਬਾਬੇ ਦੇ ਸਾਧੂਆਂ ਨੂੰ ਵੇਖ ਰਹੀ ਹੈ। ਇਹੀ ਗੱਲ 'ਦੋ ਬੰਦੇ, ਬਾਬਾ ਨਾਨਕ ਤੇ ਮਰਦਾਨਾ' (41) ਵਿਚ ਹੈ। ਚਿੱਤ੍ਰ (5) 'ਬਾਬਾ ਨਾਨਕ ਤੇ ਮਰਦਾਨਾ ਉਜਾੜ ਵਿਚ' ਬਾਬਾ ਨਾਨਕ ਦਾੜ੍ਹੀ ਆਉਣ ਨਾਲ ਆਤਮਕ ਤੌਰ 'ਤੇ ਪ੍ਰੌੜ ਹੋ ਗਿਆ ਹੈ ਅਤੇ ਇਹ 'ਉਦਾਸੀ' ਦਾ ਕਾਰਨ ਸਿੱਧ ਹੁੰਦੀ ਹੈ। 'ਬਾਬਾ ਨਾਨਕ ਨਿਰੰਕਾਰ ਦੇ ਮਹਲ' (28) ਵਿਚ ਬਾਬੇ ਦੀ ਦਾੜ੍ਹੀ ਚਿੱਟੀ ਹੋਣ ਲੱਗੀ ਹੈ। ਚਿੱਤ੍ਰਕਾਰ ਨੂੰ ਪਤਾ ਹੈ ਕਿ ਬਾਬੇ ਨਾਨਕ ਨੂੰ ਬਾਬਾ ਕਹਿਣ ਦਾ ਕੋਈ ਦੈਵੀ ਕਾਰਨ ਵੀ ਹੈ। ਚਿੱਤ੍ਰ (47) ਵਿਚ ਚਾਰ ਧੁਜਾਂ ਧਨਾਡ ਦੇ ਚਾਰ ਗੰਜਾਂ ਲਈ ਹਨ।

ਬਾਬਾ ਨਾਨਕ ਪ੍ਰਮਾਤਮਾ ਦਾ ਸਭ ਤੋਂ ਵੱਡਾ ਭਗਤ ਹੈ ਜਿਹੜਾ ਗੋਸ਼ਟੀਆਂ ਰਾਹੀਂ ਹੋਰਨਾਂ ਧਾਰਮਕ ਆਗੂਆਂ ਨੂੰ ਪ੍ਰਾਜਿਤ ਕਰਕੇ ਆਪਣੀ ਆਤਮਕ ਸਰਵਸ਼ਕਤੀਮਾਨਤਾ ਸਥਾਪਤ ਕਰਦਾ ਹੈ। ਬਾਬਾ ਨਾਨਕ ਦਾ ਰੂਹਾਨੀ ਦਰਜਾ ਅਬਦੁਲ ਰਹਿਮਾਨ ਦੇ ਉੱਤੋਂ ਦੀ ਹੈ। ਜਨਮਸਾਖੀ ਦੇ ਪਾਠ ਵਿਚ ਉਹਨੂੰ ਮੀਆਂ ਮਿੱਠਾ ਕਹਿੰਦਾ ਹੈ ਕਿ ਉਹ 'ਖੁਦਾਇ ਕਾ ਲਾਲੁ' ਦੇ ਮਿਲਣ ਸਦਕੇ 'ਲਾਲ ਰੰਗੀਨ' ਹੋ ਗਿਆ ਹੈ। 'ਖੁਦਾਇ ਕਾ ਲਾਲੁ' ਬਾਬਾ ਨਾਨਕ ਹੈ, 'ਲਾਲ' ਜਾਂ ਰਤਨ ਬਾਣੀ ਵਿਚ 'ਨਾਮ' ਦਾ ਚਿੰਨ੍ਹ ਹੈ। ਲਾਲ ਰੰਗ ਵਾਲਾ 'ਮਜੀਠ' ਸਿਖ ਧਰਮ ਵਿਚ ਸ਼ਰਧਾ ਦਾ ਪ੍ਰਤੀਕ ਹੈ। ਇਸ ਕਰਕੇ ਚਿੱਤ੍ਰ (7) ਵਿਚ ਫਕੀਰ ਅਬਦੁਲ ਰਹਿਮਾਨ ਦੀ ਮੁਸਲਮਾਨੀ ਨੀਲੀ ਪੋਸ਼ਾਕ ਦਾ ਰੰਗ ਲਾਲ ਹੋ ਗਿਆ ਹੈ। ਚਿੱਤ੍ਰਾਵਲੀ ਵਿਚ ਬਾਬੇ ਨਾਨਕ ਦੀ ਟੋਪੀ ਅਤੇ ਮਰਦਾਨੇ ਦੇ ਕਪੜਿਆਂ ਦਾ ਰੰਗ ਗੂੜ੍ਹਾ ਲਾਲ ਰਹਿੰਦਾ ਹੈ। ਅਬਦੁਲ ਰਹਿਮਾਨ ਦੀ ਟੋਪੀ ਦਾ ਰੰਗ ਬਾਬੇ ਦੀ ਟੋਪੀ ਜਿਹਾ

ਹੈ, ਨਾ ਕਿ ਮੀਆਂ ਮਿੱਠੇ ਦੀ ਟੋਪੀ ਵਾਲਾ ਮੁਸਲਮਾਨੀ ਰੰਗ ਹੈ। ਬਾਬੇ ਨਾਨਕ ਦੀਆਂ ਮੱਕੇ ਦੇ ਮਜਾਵਰ (12), ਸ਼ੇਖ ਰੁਕਨ-ਉਦ-ਦੀਨ (13), ਹਾਜੀ ਰਤਨ (14), ਕਮਾਲ ਅਤੇ ਸ਼ੇਖ ਇਬਰਾਹੀਮ (15), ਕਰੋੜੀਆ (17) ਜਾਦੂਗਰਨੀਆਂ (19), ਗੋਰਖਨਾਥ (20) ਦੁਰਗਾ ਦੇ ਪੁਜਾਰੀ (22), ਸਿੱਧਾਂ (27, 44), ਰਾਜੇ (29, 32, 35), ਫ਼ੈਲਸੂਫ (52), ਗੋਰਖਨਾਥ ਤੇ ਕਾਲ (53), ਰਾਖਸ਼ (8) ਅਤੇ ਕਲਜੁਗ (10) 'ਤੇ ਜਿੱਤਾਂ ਦਾ ਸਿੱਧਾ ਚਿੱਤ੍ਰਨ ਹੈ।

ਚਿੱਤ੍ਰਕਾਰ ਅਧੀਨਗੀ ਦਰਸਾਉਣ ਲਈ ਲਾਲ ਰੰਗ ਦੀ ਚਿੰਨ੍ਹ ਸਮਾਨ ਵਰਤੋਂ ਕਰਦਾ ਹੈ ਜਿਵੇਂ ਕਮਾਲ ਦੇ ਕਪੜੇ (15) ਰਾਜੇ ਦਾ ਜਾਮਾ (29, 32, 35), ਅਯਾਲੀ ਦੀ ਪੱਗ (40), ਅਚੱਲ ਦਾ ਸਰੋਵਰ (27, 44), ਸ਼ਾਹ ਦਾ ਪਹਿਰਾਵਾ (47) ਭੂਮੀਏ ਚੋਰ ਦੀ ਪੋਸ਼ਾਕ (49) ਅਤੇ ਸ਼ੇਖ ਸ਼ਰਫ ਦੇ ਜ਼ਨਾਨਾ ਕੱਪੜੇ (50) ਹਨ। ਬਾਬਾ ਨਾਨਕ ਦੀ ਅਤੇ ਕਬੀਰ ਸਾਹਿਬ ਦੀ ਟੋਪੀ ਦਾ ਰੰਗ ਉਹਨਾਂ ਦੇ ਸਾਂਝੇ ਆਤਮਕ ਤੱਤ ਨੂੰ ਦਰਸਾਉਂਦਾ ਹੈ ਜਿਸ ਦਾ ਆਧਾਰ ਸਿੱਖ ਬ੍ਰਹਮਵਿਦਿਆ ਹੈ। ਕਬੀਰ ਸਾਹਿਬ ਦੇ ਜਾਮੇ ਦਾ ਸਫੈਦ ਰੰਗ ਆਤਮਿਕਤਾ ਦਾ ਲਖਾਇਕ ਹੈ ਜਿਸ ਦੀ ਸਾਂਝ ਕੇਵਲ ਬਾਬੇ ਨਾਨਕ (6, 10, 29, 44), ਮਹਿਤਾ ਕਾਲੂ (4, 6), ਕਾਲ (53) ਗੁਰੂ ਅੰਗਦ (21, 22), ਗੋਰਖਨਾਥ (20, 27, 44) ਅਤੇ ਸਿੱਖ (11) ਨਾਲ ਹੈ। ਸਫੈਦ ਰੰਗ ਚੋਰ (9) ਦੇ ਆਤਮਕ 'ਭੇਖ' ਦਾ ਉੱਤਮ ਪ੍ਰਗਟਾਵਾ ਹੈ। ਆਲਮ ਚੰਦ ਰਾਜ ਕੋਲ ਜੁਗਤ-ਸਮਗ੍ਰੀ ਹੈ। ਕਈ ਵਾਰ ਇਕ ਜੁਗਤ ਦੂਸਰੀ ਜੁਗਤ ਨੂੰ ਕੱਟ ਦਿੰਦੀ ਹੈ ਜਿਵੇਂ ਕਿ ਪਠਾਨ ਦੇ ਪਹਿਰਾਵੇ ਦਾ ਚਿੱਟਾ ਰੰਗ ਹੇਠਲੇ ਸਮਤਲ ਨੇ ਮਨਫੀ ਕਰ ਦਿੱਤਾ ਹੈ।

ਆਲਮ ਚੰਦ ਰਾਜ ਦੀਆਂ ਕਈ ਜੁਗਤਾਂ ਹਨ ਜਿਹਨਾਂ ਰਾਹੀਂ ਉਹ ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ ਬਣਾਉਂਦਾ ਹੈ। ਬਾਬੇ ਨਾਨਕ ਨੂੰ ਦੈਵੀ ਦਰਸਾਉਣ ਦੀ ਇਕ ਵਿਧੀ ਬਾਬੇ ਦੇ ਚਿਹਰੇ ਨੂੰ ਤਿੰਨ ਚੌਥਾਈ ਚਿੱਤ੍ਰਨ ਵਿਚ ਹੈ; ਬਾਕੀ ਸਾਰੇ ਦੇ ਸਾਰੇ ਵੱਡੇ ਪਾਤਰ ਇੱਕ ਪਾਸਿਉਂ ਚਿੱਤ੍ਰੇ ਗਏ ਹਨ। ਏਸ ਤੋਂ ਉਲਟ ਕੇਵਲ ਲਘੂ ਪਾਤਰਾਂ ਨੂੰ ਹੀ ਤਿੰਨ ਚੌਥਾਈ ਚਿਹਰੇ ਨਾਲ ਵਿਖਾਇਆ ਗਿਆ ਹੈ। ਜਿਵੇਂ ਵਿਦਿਆਰਥੀ (1), ਰਾਖਸ਼ ਦੇ ਕੈਦੀ (8), ਨੱਚਦੇ ਪਠਾਨ (16), ਮੋਹਿਣੀਆਂ (19, 34), ਦੁਰਗਾ ਦਾ ਉਪਾਸ਼ਕ (21) ਮੱਕੇ ਦਾ ਹਾਜੀ (30), ਸਾਧਾਰਨ ਵਿਅਕਤੀ (36, 41, 42) ਹਨ। ਤਿੰਨ ਚੌਥਾਈ ਚਿਹਰੇ ਦੀ ਜੁਗਤ ਕਿਸੇ ਹੋਰ ਵਿਧੀ ਨਾਲ ਮਨਫ਼ੀ ਕੀਤੀ ਜਾ ਸਕਦੀ ਹੈ। ਰਾਖਸ਼ ਦੇ ਚਿਹਰੇ ਦਾ ਚਿੰਨ੍ਹ (8) ਉਹਦੀ ਪਾਸ਼ਵਿਕਤਾ ਨੇ ਕੱਟ ਦਿੱਤਾ ਹੈ; ਸਿੱਧਾਂ ਦਾ (20, 27, 44) ਤਿੰਨ ਚੌਥਾਈ ਚਿੱਤ੍ਰਨ ਉਹਨਾਂ ਦੇ ਛੋਟੇ ਆਕਾਰਾਂ ਨੇ ਮੁਕਾ ਦਿੱਤਾ ਹੈ; ਅਤੇ ਮੱਕੇ ਦੇ ਹਾਜੀ (30), ਕਾਲ (53), ਜੋਗੀਸ਼ਵਰਾਂ (57) ਦਾ ਚਿੱਤ੍ਰਨ ਨੀਵੇਂ ਸਮਤਲ ਨੇ ਮਹਤਵ-ਹੀਨ ਕਰ ਦਿੱਤਾ ਹੈ। ਕੇਵਲ ਕਬੀਰ ਸਾਹਿਬ ਦੇ ਚਿਹਰੇ ਦੀ ਜੁਗਤ ਹੀ ਬਾਬੇ ਨਾਨਕ (31) ਦੇ ਚਿਹਰੇ ਵਾਲੀ ਹੈ। ਕਬੀਰ ਸਾਹਿਬ ਦਾ ਚਿਹਰਾ ਰਤਾ ਕੁ ਛੋਟਾ ਹੈ ਅਤੇ ਉਹ ਭੋਰਾ ਕੁ ਨੀਵੇਂ ਪੱਧਰ 'ਤੇ ਹੈ। ਇਸ ਨਿੱਕੇ ਜਿਹੇ ਅੰਤਰ ਦੇ ਬ੍ਰਹਮਵਿਦਿਅਕ ਅਰਥ ਹਨ। ਚਿੱਟੇ ਵਸਤਰਾਂ ਦੀ ਚਿੰਨ੍ਹਵਾਦੀ ਵਰਤੋਂ ਦੇ ਸੰਦਰਭ ਵਿਚ ਬਾਬੇ ਨਾਨਕ ਅਤੇ ਕਬੀਰ ਸਾਹਿਬ ਦੀ ਆਤਮਕ ਸਮਰੂਪਤਾ ਦਾ ਵਰਨਣ ਅੱਗੇ ਹੀ ਆ ਚੁੱਕਾ ਹੈ।

ਚਿੱਤ੍ਰਾਂ ਵਿਚ ਬਾਬੇ ਨਾਨਕ ਦਾ ਸਮਤਲ ਹਮੇਸ਼ਾ ਉੱਚਾ ਹੁੰਦਾ ਹੈ। ਦੂਜਿਆਂ ਦੇ ਮੁਕਾਬਲੇ 'ਚ ਬਾਬੇ ਦੇ ਵਸਤਰਾਂ ਦੀ ਅਮੀਰੀ ਮਾਲੂਮ ਹੁੰਦੀ ਹੈ। ਸ਼ਾਇਦ ਆਧੁਨਿਕ ਦਰਸ਼ਕ ਨੂੰ ਇਸ ਗੱਲ ਦਾ ਧੱਕਾ ਲੱਗੇ ਕਿ ਮੱਧਕਾਲ ਵਿਚ ਅਮੀਰੀ ਅਤੇ ਆਤਮਕਤਾ ਅਜੋੜ ਨਹੀਂ ਸਨ। ਚਿੱਤ੍ਰਾ ਵਿਚ ਗੁਰੂ ਨਾਨਕ ਦੇ ਆਕਾਰ (figure) ਦਾ ਖੇਤ੍ਰਫਲ ਵੀ ਜ਼ਿਆਦਾ ਹੁੰਦਾ ਹੈ। ਬਾਬੇ ਨਾਨਕ ਦੇ ਸਿਰ 'ਤੇ ਬਿਰਛ ਦਾ ਛੱਤ੍ਰ ਉਦੋਂ ਹੀ ਨਹੀਂ ਹੁੰਦਾ ਜਦੋਂ ਚਿੱਤ੍ਰ ਦਾ ਪ੍ਰਬੰਧ (composition) ਇਹਦੀ ਆਗਿਆ ਨਹੀਂ ਦਿੰਦਾ। ਏਸ ਦੇ ਬਾਵਜੂਦ 'ਅਚੱਲ ਸਿੱਧਾਂ ਨਾਲ' (27, 44) ਦੇ ਚੈਤ੍ਰੀ (pictorial) ਪ੍ਰਤੀਕ ਸੰਦੇਹ ਉਪਜਾਊ ਹਨ। ਬਿਰਛ ਵਿਚ ਪੰਛੀਆਂ ਦੀ ਹਲਚਲ ਅਤੇ ਫਲਾਂ ਦੀ ਬਹੁਲਤਾ ਬਾਬੇ ਨਾਨਕ ਦੀ ਆਤਮਕ ਸ਼ਕਤੀ ਦਾ ਇਸ਼ਾਰਾ ਕਰਦੀ ਹੈ ਜਿਸ ਦੇ ਸਦਕੇ ਦੁਨੀਆਂ ਦੀ ਰੌਣਕ ਹੈ।

ਚਿੱਤ੍ਰਕਾਰ ਬਾਬੇ ਨਾਨਕ ਦੀ ਨਜ਼ਰ ਦੀ ਤਕਨੀਕੀ ਵਰਤੋਂ ਕਰਦਾ ਹੈ ਜਿਹੜੀ ਉਪਰਾਮਤਾ ਲਿਆਉਣ ਵਾਲੀ ਹੈ। ਜਿੱਥੇ ਹੋਰ ਪਾਤਰ ਕਾਰਜ ਦੇ ਕੇਂਦਰ ਜਾਂ ਬਾਬੇ 'ਤੇ ਨਜ਼ਰਾਂ ਟਕਾ ਰਹੇ ਹੁੰਦੇ ਹਨ ਉੱਥੇ ਬਾਬੇ ਦੀ ਦ੍ਰਿਸ਼ਟੀ ਪਾਤਰਾਂ ਦੇ ਜਗਤ 'ਚੋਂ ਲੰਘਦੀ ਦਰਸ਼ਕ 'ਤੇ ਪੈਂਦੀ ਹੈ। ਇਹ ਜੁਗਤ ਖਾਸ ਕਰ ਉੱਥੇ ਵਰਤੀ ਗਈ ਹੈ ਜਿੱਥੇ ਕਈ ਪਾਤਰ ਹਨ ਜਿਵੇਂ (6, 7, 8, 10, 11, 15, 19, 23, 27, 29, 32, 34, 35, 36, 41, 44, 45, 46, 48, 50, 52, 53) ਹਨ। ਇਸ ਤਰ੍ਹਾਂ ਦੀ ਦੋਹਰੀ

ਦ੍ਰਿਸ਼ਟੀ (41, 48) ਸੰਸਾਰ ਅਤੇ ਪਰਾਸੰਸਾਰ ਦੇ ਦੂਹਰੇ ਅਵਲੋਕਨ ਦੇ ਸਮਾਨ ਹੋ ਜਾਂਦੀ ਹੈ। ਇਹ ਚੈਤ੍ਰੀ ਜੁਗਤ ਜਨਮਸਾਖੀ ਦੀ ਓਸ ਜੁਗਤ ਦੇ ਸਮਾਨੰਤਰ ਹੈ ਜਿਸ ਰਾਹੀਂ ਆਤਮਕ ਸੰਦੇਸ਼ ਲਈ ਪਾਠਕ ਦੇ ਮਨ ਦੀ ਭਾਵਕ ਅਵਸਥਾ ਬਣਾਈ ਜਾਂਦੀ ਹੈ। ਮੱਕੇ (12) ਬਾਬੇ ਨਾਨਕ ਦੀਆਂ ਬੰਦ ਅੱਖਾਂ ਦਾ ਮਤਲਬ ਹੈ ਕਿ ਬਾਬੇ ਦੀ ਦ੍ਰਿਸ਼ਟੀ 'ਨਿਰੰਕਾਰ ਦੇ ਮਹਲ' ਪਹੁੰਚ ਗਈ ਹੈ।ਇੱਥੇ ਲਘੁਤਾ-ਆਕ੍ਰਸ਼ਨ ਅਤੇ ਬੰਦ ਅੱਖਾਂ ਦੀਆਂ ਜੁਗਤਾਂ ਇਕ ਦੂਜੇ ਨੂੰ ਪੁਨਰ-ਬਲ ਦਿੰਦੀਆਂ ਹਨ। ਇਹ ਗਲ ਦਿਲਚਸਪ ਹੈ ਕਿ ਤਕਰੀਬਨ ਹਮੇਸ਼ਾ ਹੀ ਮਰਦਾਨੇ ਦੀ ਨੀਝ ਵਰਵਾਰ (horizontal) ਹੁੰਦੀ ਹੈ ਜਿਸਦਾ ਸੁਝਾਉ ਨਿਰਮਾਣ ਸ਼ਰਧਾ ਦਾ ਹੈ। ਇਹ ਗੱਲ ਉਹਦੇ ਗੂੜ੍ਹੇ ਵਸਤ੍ਰਾਂ ਦੇ ਰੰਗ ਦੇ ਚਿੰਨ੍ਹ ਨਾਲ ਹੋਰ ਵੀ ਪੱਕੀ ਹੁੰਦੀ ਹੈ। ਇੰਝ ਲਗਦਾ ਹੈ ਜਿਵੇਂ ਸਾਰੀਆਂ ਜੁਗਤਾਂ 'ਭਗਤ ਕਬੀਰ ਨਾਲਿ' (31) ਵਿਚ ਆ ਕੇ ਜਮ੍ਹਾਂ ਹੋ ਗਈਆ ਹਨ। ਚਿੱਤ੍ਰ ਵਿਚ ਪੰਛੀਆਂ ਦਾ ਧਿਆਨ ਵੀ ਕਾਰਜ ਦੀ ਤੀਬਰਤਾ ਨੂੰ ਦੁਹਰਾਉਂਦਾ ਹੈ। ਇਥੋਂ ਤੱਕ ਕਿ ਇਹਨਾਂ ਦੀ ਹਰਕਤ ਉਡਾਰੀ ਦਾ ਵੀ ਕੋਈ ਮਤਲਬ ਹੁੰਦਾ ਹੈ। ਚਿੱਤ੍ਰ (49) ਦੇ ਪੰਛੀ ਆਕਾਰਾਂ ਦੇ ਪ੍ਰਬੰਧ (composition) ਨੂੰ ਦੁਹਰਾਉਂਦੇ ਹਨ। ਚਿੱਤ੍ਰ (31) ਵਿਚ ਮੋਰ ਜਿਹਾ ਪੰਛੀ ਬਾਬੇ ਨਾਨਕ ਵਾਲੇ ਬਿਰਛ ਤੋਂ ਕਬੀਰ ਸਾਹਿਬ ਵਾਲੇ ਪਾਸੇ ਜਾਂਦਾ ਹੈ। ਅਜਿਹਾ ਮੋਰ ਪੰਛੀ ਗੁਰੂ ਅੰਗਦ ਵਾਲੀ ਧਿਰ ਤੋਂ ਬਾਬੇ ਨਾਨਕ ਵਾਲੀ ਧਿਰ ਜਾਂਦਾ ਹੈ ਜਦੋਂ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਮਿਲਦੀ ਹੈ। ਤਾਂ ਕੋਈ ਹੈਰਾਨੀ ਨਹੀਂ ਕਿ ਹੁਣ (54) ਚਿੱਤ੍ਰ ਵਿਚ ਗੁਰੂ ਅੰਗਦ ਸਾਹਿਬ ਦਾ ਪੱਧਰ ਬਾਬੇ ਨਾਨਕ ਨਾਲੋਂ ਰਤਾ ਕੁ ਉੱਚਾ ਹੈ।

ਚਿੱਤ੍ਰਾਂ ਵਿਚ 'ਦੁਨੀਆ ਦੇ ਕੰਢੇ' ਵਾਲਾ ਪਰਿਪੇਖ (perspective) ਹੈ। ਚਿੱਤ੍ਰ (17) ਵਿਚ ਅਜਿਹਾ ਪਰਿਪੇਖ ਇਹ ਸੁਝਾਉ ਦਿੰਦਾ ਹੈ ਕਿ ਕਰੋੜੀਏ ਨਾਲ ਮੁਲਾਕਾਤ ਪਿੰਡ ਤੋਂ ਦੂਰ ਹੋ ਰਹੀ ਹੈ। ਪਿੰਡ ਤੋਂ ਦੂਰ ਪ੍ਰਭਾਵ 'ਮਾਤਾ ਪਿਤਾ ਨਾਲ' ਚਿੱਤ੍ਰ (6) ਵਿਚ ਵੀ ਹੈ। 'ਦੁਨੀਆਂ ਦੇ ਕੰਢੇ' ਦਾ ਪਰਿਪੇਖ ਆਤਮਿਕਤਾ ਨੂੰ ਗ੍ਰਹਿਣ ਕਰਨ ਵਾਲੀ ਮਾਨਸਿਕ ਅਵਸਥਾ ਪੈਦਾ ਕਰਨ ਦੇ ਸਮਾਨ ਹੈ। ਚਿੱਤ੍ਰਾਂ ਵਿਚ ਆਸਮਾਨ ਦੀ ਤਕਰੀਬਨ ਅਣਹੋਂਦ ਹੈ। ਜਿਹੜਾ ਹੈ ਉਹ ਪੰਛੀਆਂ ਦੀਆਂ ਉਡਾਰੀਆਂ ਨਾਲ ਭਰਿਆ ਹੈ। ਇਸਦੇ ਬਾਵਜੂਦ ਚਿੱਤ੍ਰਾਂ ਵਿਚ ਘੁਟਣ ਅਤੇ ਬੰਦੀਤ੍ਰਾਸ (claustrophobia) ਦਾ ਪ੍ਰਭਾਵ ਨਹੀਂ। ਕੀ ਵਰੋਧਾਰਥ ਹੈ ਕਿ ਆਤਮਕ ਉਡਾਣ ਦੇ ਪਰਿਪੇਖ ਨੇ ਚੈਤ੍ਰੀ ਸਥਾਨ (space) ਦਾ ਬਹੁਤ ਖੁੱਲ੍ਹਾ ਜਗਤ ਬਣਾ ਦਿਤਾ ਹੈ, ਖਾਸ ਕਰਕੇ (3, 6, 7, 8, 10, 11, 14, 15, 20, 22, 26, 46, 51, 52, 53, 56) ਵਿਚ। ਇੰਝ 'ਮੋਟਿਫ' (motifs) ਅਤੇ ਜੁਗਤਾਂ ਦੀ ਇਕਾਗ੍ਰਤਾ ਨੇ ਕਿਸੇ ਵੀ ਮੱਯੀਆਰ ਤੋਂ ਪਰਖਦਿਆਂ 'ਬਾਬੇ ਨਾਨਕ ਤਪ ਅਰੰਭਿਆ' (18) 'ਨਿਰੰਕਾਰ ਦੇ ਮਹਲ' (28), 'ਭਗਤ ਕਬੀਰ ਨਾਲਿ' (31), 'ਗੁਰੂ ਅੰਗਦ ਨੂੰ ਗੁਰਗੱਦੀ' (54) ਨੂੰ ਮਹਾਨ ਚਿੱਤ੍ਰਕਾਰੀ ਦੇ ਉਦਾਹਰਣ ਬਣਾ ਦਿੱਤਾ ਹੈ।

ਆਲਮ ਚੰਦ ਰਾਜ ਹੱਥ ਦੀ ਸੈਨਤ ਨੂੰ ਬੜੇ ਸੁਹਣੇ ਢੰਗ ਨਾਲ 'ਆਤਮਕ ਸੰਘਰਸ਼' ਵਿਖਾਉਣ ਲਈ ਇਸਤੇਮਾਲ ਕਰਦਾ ਹੈ। ਪਾਂਧੇ ਦਾ ਹੱਥ (1) ਅਧਿਕਾਰ-ਸਹਿਤ ਹੀ ਉਠਿਆ ਹੈ। ਰਾਇ ਬੁਲਾਰ, ਤਲਵੰਡੀ ਦੇ ਚੌਧਰੀ ਦੀ ਅਧਿਕਾਰ ਵਾਲੀ ਇੰਗਤ (3) ਹੈ। ਫੇਰ ਚਿੱਤ੍ਰ (6) ਤੋਂ ਬਾਅਦ ਕੇਵਲ ਬਾਬੇ ਨਾਨਕ ਦੇ ਹੱਥ ਦੇ ਇਸ਼ਾਰੇ ਵਿਚ ਹੀ ਅਧਿਕਾਰ ਹੈ। ਬਾਬੇ ਨਾਨਕ ਦੇ ਆਤਮਕ ਅਧਿਕਾਰੀ ਹੱਥ (7) ਨੇ ਆਪਣੇ ਚਿੰਨ੍ਹ ਦੀ ਮਾਲਾ ਫੜੀ ਹੈ। ਇਸੇ ਤਰ੍ਹਾਂ ਚਿੱਤ੍ਰ (7) ਵਿਚ ਅਬਦੁਲ ਰਹਿਮਾਨ ਵੀ ਸਿਧਾਂਤਕ ਨੁਕਤਾ ਪੇਸ਼ ਕਰ ਰਿਹਾ ਹੈ ਜਿਸ ਦੀ ਕਾਟ ਹੋਰ ਜੁਗਤਾਂ ਕਰਦੀਆਂ ਹਨ। ਭੋਲੇ ਚੋਰ (9) ਨੇ ਅਜੇ ਤਾਬੇ ਹੋਣਾ ਹੈ। ਇੰਝ ਮੱਕੇ ਦੇ ਮੁਜਾਵਰ (12) ਦੇ ਹੱਥ ਦਾ ਇਸ਼ਾਰਾ ਸਮਝ ਆਉਂਦਾ ਹੈ ਕਿਉਂਕਿ ਉਹ ਰੋਸ ਪ੍ਰਗਟ ਕਰ ਰਿਹਾ ਹੈ। ਇੰਝ ਹੀ ਸੁਮੇਰ 'ਤੇ ਬੈਠੇ ਸਿੱਧ (20) ਹੱਥ ਦੇ ਇਸ਼ਾਰੇ ਰਾਹੀਂ ਸਿੱਧਾਂਤਕ ਮੱਤ ਪੇਸ਼ ਕਰ ਰਹੇ ਹਨ। ਪਰ ਚਿੱਤ੍ਰਾਵਲੀ ਦਾ ਸਾਧਾਰਨ ਨਿਯਮ ਕਲਿਯੁਗ (10) ਵਾਂਗੂ ਅਧੀਨਗੀ 'ਚ ਹੱਥ ਬੰਨ੍ਹਣਾ ਹੈ। ਜਾਂ ਫੇਰ ਇਹ ਹਾਜੀ ਰਤਨ (13) ਅਤੇ ਦੱਤਾਤ੍ਰੇਯ (46) ਵਾਂਗੂ ਗੋਡਿਆਂ 'ਤੇ ਟਿਕੇ ਹਨ। ਕਾਲ (53) ਭਾਵੇਂ ਹੇਠਲੇ ਪੱਧਰ 'ਤੇ ਹੋਣ ਕਰਕੇ ਬਾਬੇ ਨਾਨਕ ਦੇ ਅਧੀਨ ਹੈ ਪਰ ਉਹਦੀ ਅਧਿਕਾਰੀ ਇੰਗਤ ਇਸ ਲਈ ਹੈ ਕਿ ਕਾਲ ਦੇ ਤੱਥ ਨੇ ਹੀ ਆਤਮਿਕਤਾ ਪੈਦਾ ਕੀਤੀ ਹੈ। ਸਾਨੂੰ ਇਕ ਵਾਰ ਫੇਰ 'ਭਗਤ ਕਬੀਰ ਨਾਲਿ' (31) ਦੀ ਬ੍ਰਹਮਵਿਦਿਅਕ ਤੌਰ ਤੇ ਕਲਾਤਮਕ ਪ੍ਰਾਪਤੀ ਦਾ ਖਿਆਲ ਆਉਂਦਾ ਹੈ। ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ ਸਥਾਪਿਤ ਕਰਨ ਦੀ ਚੈਤ੍ਰੀ ਜੁਗਤ ਸਮਗ੍ਰੀ ਚੋਣਵੇਂ ਤਰੀਕੇ ਨਾਲ ਸੰਦਰਭ ਅਤੇ ਸਿੱਧਾਂਤ ਦੀ ਲੋੜ ਅਨੁਸਾਰ ਵਰਤੀ ਜਾਂਦੀ ਹੈ।

ਬੀ-40 ਜਨਮਸਾਖੀ ਵਿਚ ਸਿੱਖ ਸਿੱਧਾਂਤਾਂ 'ਤੇ ਵੇਰਵੇ ਸਹਿਤ ਬਹਿਸ ਹੈ। ਸਿੱਖ ਮੱਤ ਦਾ ਮੁੱਢਲਾ, ਮਹੁਤਵਪੂਰਨ ਸਵਾਲ ਬਾਬੇ ਨਾਨਕ ਦੀ ਗੁਰਿਆਈ ਦੀ ਪ੍ਰਕਿਰਤੀ ਬਾਰੇ ਹੈ। ਬਾਬਾ ਨਾਨਕ ਗੁਰੂ ਤੋਂ ਬਿਨਾ ਗੁਰੂ ਕਿਵੇਂ ਹੋਇਆ? ਸਾਖੀ 29 ਵਿਚ

ਨਿਰੰਕਾਰ ਦਾ ਬਾਬੇ ਨੂੰ ਬਚਨ ਹੈ, "ਜਾਹਿ ਮੇਰਾ ਨਾਉ ਸੁ ਤੇਰਾ ਨਾਉ। ਮੇਰਾ ਨਾਉ ਗੁਰੂ ਹੈ ਤੇਰਾ ਨਾਉ ਜਗਤ ਗੁਰੂ ਹੋਇਆ"। ਗੋਰਖਨਾਥ ਸਾਖੀ 22 ਵਿਚ ਬਾਬੇ ਨਾਨਕ ਨੂੰ ਕਹਿੰਦਾ ਹੈ "ਅਰੁ ਗੁਰੁ ਜਿ ਹੋਇਆ ਸੋ ਤੇਰੇ ਹੀ ਘਰਿ ਤੇ ਤੇਰਾ ਹੀ ਗੁਰੂ ਜਨਮੈਗਾ"। ਬਾਬਾ ਨਾਨਕ ਦਾ ਗੁਰੂ ਪਹਿਲਾਂ ਨਿਰੰਕਾਰ ਤੇ ਫੇਰ ਗੁਰੂ ਅੰਗਦ ਸਾਹਿਬ ਹਨ ਜਿਹਨਾਂ ਦਾ ਲਹਿਣੇ ਤੋਂ ਅੰਗਦ ਬਣਨ ਨਾਲ ਤੱਤ ਹੀ ਬਦਲ ਗਿਆ। ਇਸੇ ਮੱਤ ਦਾ ਚੈਤ੍ਰੀ ਵਰਨਣ (54) ਵਿਚ ਹੈ ਜਦੋਂ ਬਾਬਾ ਨਾਨਕ ਸਾਖੀ 53 ਵਿਚ ਲਹਿਣੇ ਨੂੰ "ਜਿਉ ਏ ਤਿਵੁ ਆਖਿ" ਕਹਿ ਕੇ ਗੱਦੀ ਦਿੰਦਾ ਹੈ ਅਤੇ ਗੁਰੂ ਅੰਗਦ ਬਾਣੀ ਉਚਾਰਨ ਦੇ ਹੱਕਦਾਰ ਹੋ ਜਾਂਦੇ ਹਨ। ਸਾਖੀ 23 ਵਿਚ ਬਾਬਾ ਨਾਨਕ ਤੇ ਗੁਰੂ ਅੰਗਦ ਦੀ "ਜੋਤਿ ਮਹਿ ਜੋਤਿ ਸਮਾਈ" ਜਿਸਦਾ ਚੈਤ੍ਰੀ ਵਰਨਣ (22) ਵਿਚ ਹੈ। ਪਾਠ ਹੀ ਦਰਸ਼ਕ ਦੀ ਚਿੱਤ੍ਰ ਵਿਚਲੇ ਗੁਰੂ ਅੰਗਦ ਦੀ ਪਛਾਣ ਕਰਨ ਵਿਚ ਸਹਾਇਤਾ ਕਰਦਾ ਹੈ —"ਤਾ ਗੁਰੂ ਅੰਗਦ ਦੇ ਉਪਰ ਜੋੜਾ ਕਪੜਿਆਂ ਦਾ ਮਹੀਨ ਖਰਾ ਸੁਪੇਦ ਸਾ"। ਇੱਥੇ ਇਹ ਗੱਲ ਸਵੀਕਾਰ ਕਰਨ 'ਚ ਕੋਈ ਹਰਜ ਨਹੀਂ ਕਿ (22) ਦਾ ਚੈਤ੍ਰੀ ਵਰਨਣ ਬ੍ਰਿਤਾਂਤ ਦੀ ਖ਼ੂਬੀ ਦੇ ਬਰਾਬਰ ਦਾ ਨਹੀਂ ਹੈ। ਸਚਿੱਤ੍ਰਨ ਅਤੇ ਬ੍ਰਿਤਾਂਤ ਦੇ ਦੋ ਵੱਖਰੇ ਵੱਖਰੇ ਸੁਭਾਉ ਹਨ; ਉਹਨਾਂ ਦੀ ਭਿੰਨਤਾ ਹੀ ਉਹਨਾਂ ਨੂੰ ਇਕ ਦੂਜੇ ਦੀ ਪੂਰਕ ਬਣਾਉਂਦੀ ਹੈ।

ਬੀ-40 ਜਨਮਸਾਖੀ ਸਨਾਤਨੀ ਗੁਰਪ੍ਰਨਾਲੀ ਦਾ ਸਮਰਥਨ ਕਰਦੀ ਹੈ। ਸਾਖੀ 27 ਵਿਚ ਬਾਬਾ ਨਾਨਕ ਅਜਿੱਤੇ ਰੰਧਾਵੇ ਨੂੰ ਦੱਸਦਾ ਹੈ "ਭਾਈ ਅਜਿਤਿਆ ਨਾਵੇਂ ਜਾਮੇ ਸਾਗ ਭਾਰੀ ਹੋਵੇਗਾ", "ਬਚਾ ਘਰਿ ਘਰਿ ਮੰਜੀਆ ਪਾਇ ਬਹਨਿਗੇ"। ਸਾਖੀ 54 ਵਿਚ ਬਾਬੇ ਨਾਨਕ ਨੂੰ "ਗੋਵਿੰਦ" ਕਿਹਾ ਗਿਆ ਹੈ। ਗੁਰੂ ਅੰਗਦ ਸਾਹਿਬ ਦਾ ਸਚਿੱਤ੍ਰਨ ਹੀ ਸਨਾਤਨੀ ਗੁਰਪ੍ਰਨਾਲੀ ਦਾ ਸਮਰਥਨ ਕਰਦਾ ਹੈ ਕਿਉਂਕਿ ਉਹਨਾਂ ਦਾ ਚਿਹਰਾ ਮੁਹਰਾ ਗੁਰੂ ਗੋਬਿੰਦ ਸਿੰਘ ਵਾਲਾ ਹੈ। ਇੱਥੇ ਬਿੰਬ ਹੀ ਦਲੀਲ ਹੈ। ਦੂਸਰੇ, ਬਾਬੇ ਨਾਨਕ ਤੋਂ ਮਗਰੋਂ ਸਭ ਤੋਂ ਜਿਆਦਾ ਚਿੱਤ੍ਰ ਗੁਰੂ ਅੰਗਦ (21, 22, 54, 55, 56, ) ਦੇ ਹਨ। ਚਿੱਤ੍ਰ (54) ਦੀ ਬ੍ਰਹਮਵਿਦਿਅਕ ਕਲਾ ਕੁਸ਼ਲਤਾ ਦੀ ਚਰਚਾ ਪਹਿਲਾਂ ਹੀ ਹੋ ਚੁੱਕੀ ਹੈ। ਇਸ ਤੋਂ ਮਗਰੋਂ ਅਜਿੱਤੇ ਰੰਧਾਵੇ (26, 43) ਦਾ ਨੰਬਰ ਆਉਂਦਾ ਹੈ, ਫੇਰ ਸਿੱਖ ਦਾ (11, 51) ਅਤੇ ਜੇ ਚਿਹਰੇ ਦੇ ਚਿੱਤ੍ਰਨ ਦਾ ਧਿਆਨ ਕਰੀਏ (9, 41, 49) ਤਾਂ ਇਹ ਪ੍ਰਭਾਵ ਪੈਂਦਾ ਹੈ ਕਿ ਸੂਰਤਾਂ ਲਿਖਣ ਵਾਲਾ ਅਸਿੱਧੇ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਦੇ ਪੰਥ ਦੇ ਨਕਸ਼ ਪੇਸ਼ ਕਰ ਰਿਹਾ ਹੈ। ਅੰਤ ਵਿਚ ਇਹ ਗੱਲ ਧਿਆਨਯੋਗ ਹੈ ਕਿ ਬੀ-40 ਜਖਮਸਾਖੀ ਉਸ ਸਮੇਂ ਲਿਖੀ ਗਈ ਜਦੋਂ ਸਿੱਖਾਂ ਨੂੰ ਤੰਗੀਆਂ ਦਿੱਤੀਆਂ ਜਾ ਰਹੀਆਂ ਸਨ। ਕੋਈ ਹੈਰਾਨੀ ਨਹੀਂ ਕਿ ਸਾਖੀ 38 ਰੁਹੇਲੇ ਪਠਾਣਾਂ ਨੂੰ ਸਿੱਖਾਂ ਨੂੰ ਤੰਗੀਆਂ ਦੇਣ ਤੋਂ ਮਨ੍ਹਾ ਕਰਦੀ ਹੈ।

ਕਲਿਯੁਗ (10) ਚਿੱਤ੍ਰ ਸਿੱਖ ਬ੍ਰਹਮਵਿਦਿਆ ਦੇ ਮਹੱਤਵਪੂਰਨ ਮੱਤ ਦਾ ਪ੍ਰਗਟਾਵਾ ਕਰਦਾ ਹੈ। ਬਾਬੇ ਨਾਨਕ ਨੇ ਅਜਿਹਾ ਧਰਮ ਚਲਾਇਆ ਹੈ ਕਿ ਇਹਦੇ ਪੈਰੋਕਾਰਾਂ 'ਤੇ ਕਲਿਯੁਗ ਦਾ ਬੁਰਾ ਅਸਰ ਨਹੀਂ ਪੈਂਦਾ "ਤਾਂ ਬਾਬੇ ਕਹਿਆ ਜੋ ਕੋਈ ਮੇਰਾ ਸਿਖੁ ਹੋਵੇਗਾ ਤਿਸ ਨੂੰ ਦੁਖੁ ਨਾਹੀ ਦੇਵਣਾ। ਆਪਣੇ ਸਾਏ ਦਾ ਪਰਗਾਸ ਨਾਹੀ ਕਰਣਾ "। ਚਿੱਤ੍ਰ ਵਿਚ ਸੂਰਤਾਂ ਦੀ ਪਛਾਂਣ ਲਈ ਪਾਠ ਇਸ ਗੱਲ ਦਾ ਵੀ ਇਸ਼ਾਰਾ ਕਰਦਾ ਹੈ ਕਿ ਬਾਬੇ ਨੇ ਕਲਿਯੁਗ ਨੂੰ "ਮਨੁੱਖ ਰੂਪ" ਧਾਰਨ ਦਾ ਹੁਕਮ ਦਿੱਤਾ ਸੀ।

ਚਿੱਤ੍ਰ 'ਨਿਰੰਕਾਰ ਦੇ ਮਹਲ' (24) ਵਿਚ ਬਾਬਾ ਨਾਨਕ ਬਾਣੀ ਉਚਾਰਨ ਦੇ ਵਜਦ ਵਿਚ ਹੈ। ਬਾਬੇ ਨਾਨਕ ਦੀ ਮੁਦਰਾ ਨ੍ਰਿਤ ਦੀ ਅਸਥਿਰਤਾ ਵਾਲੀ ਹੈ। ਬਾਬੇ ਨਾਨਕ ਦੇ ਹੱਥ ਨਿਰੰਕਾਰ ਵਲ ਹਨ ਜਿਵੇਂ ਕਿਤੇ ਉਹ ਸ਼ਰਧਾ ਦੀ ਮਾਲਾ ਭੇਟ ਕਰਨ ਲੱਗੇ ਹੋਣ। ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਬਾਬੇ ਨਾਨਕ ਦੇ ਸਰੀਰ ਦਾ ਭਾਰ ਦੋਵੇਂ ਪੈਰਾਂ 'ਤੇ ਹੀ ਨਹੀਂ। ਇਲਹਾਮ ਨੇ ਸੰਤੁਲਨ ਗੁਆ ਦਿੱਤਾ ਹੈ। ਪਰ ਬਾਬੇ ਨਾਨਕ ਦੇ ਆਕਾਰ (figure) ਵਿਚ ਉਲਾਰ ਨਹੀਂ। ਸ਼ਾਇਦ ਬਾਬੇ ਨਾਨਕ ਦੇ ਡਿਗਦੇ ਸਿਰ ਨੇ ਸਰੀਰ ਦਾ (composition) ਸੰਤੁਲਨ ਬਣਾ ਦਿੱਤਾ ਹੈ।ਬਾਬੇ ਨਾਨਕ ਦੀ ਲੰਮੇਰੀ ਗਰਦਨ ਨੇ ਚਿਹਰੇ ਨੂੰ ਉੱਤੇ ਚੁਕ ਦਿੱਤਾ ਹੈ ਜਿਵੇਂ ਕਿਤੇ ਨਿਰੰਕਾਰ 'ਤੇ ਨੀਝ ਲਾਉਣ ਕਾਰਨ ਬਾਬੇ ਨਾਨਕ ਨੂੰ ਰੱਬ ਦੇ ਰੂਪ ਦੀ ਚੌਂਧੀ ਲੱਗੀ ਹੈ। ਬਾਬੇ ਨਾਨਕ ਦੇ ਵਜਦ ਦਾ ਅਨੁਮਾਨ ਓਸ ਪੰਛੀ ਤੋਂ ਵੀ ਲੱਗ ਜਾਂਦਾ ਹੈ ਜਿਹੜਾ ਬਿਰਛ 'ਤੇ ਬੈਠਾ ਬਾਬੇ ਨਾਨਕ ਨੂੰ ਇਕਾਗਰਤਾ ਨਾਲ ਤੱਕ ਰਿਹਾ ਹੈ। ਬਾਬੇ ਨਾਨਕ ਦੀ 'ਧੁਰ ਕੀ ਬਾਣੀ' ਨੇ ਮਰਦਾਨੇ 'ਤੇ ਵੀ ਅਸਰ ਪਾਇਆ ਹੈ। ਉਨਮਾਦ 'ਚ ਵਜਦੀ ਰਬਾਬ ਮਰਦਾਨੇ ਦੇ ਮੋਢੇ ਨੂੰ ਧੱਕ ਰਹੀ ਹੈ। ਮਰਦਾਨੇ ਦੇ ਚਿਹਰੇ ਦਾ ਪ੍ਰਭਾਵ ਹੈ ਕਿ ਉਹਦੀਆਂ ਅੱਖਾਂ ਬਾਬੇ ਨਾਨਕ ਨੂੰ ਵੇਖਕੇ ਟੱਡੀਆਂ ਰਹਿ ਗਈਆਂ ਹਨ। ਚਿੱਤ੍ਰ ਵਿਚ ਅੰਬਰ ਦਾ ਖੇਤ੍ਰ ਇੰਨਾ ਥੋੜਾ ਹੈ ਕਿ ਇਹ 'ਦੁਨੀਆਂ ਦੇ ਕੰਢੇ' ਦਾ ਪਰਿਪੇਖ ਹੈ। ਏਸ ਤਕਨੀਕੀ ਜੁਗਤ ਨੇ ਚਿੱਤ੍ਰ ਵਿਚ ਇਹ ਪ੍ਰਗਟਾਵ ਭਰ ਦਿੱਤਾ ਹੈ ਕਿ ਇਹ ਰੱਬ ਦਾ ਗੁਆਂਢ ਹੈ। ਭਾਵੇਂ

ਦਰਸ਼ਕ ਚਿੱਤ੍ਰ ਦੇ ਚਿੰਨ੍ਹਵਾਦ ਨੂੰ ਨਾ ਵੀ ਸਮਝਦਾ ਹੋਵੇ ਉਹ ਤਾਂ ਵੀ ਲੌਕਿਕ ਮੁਹਾਵਰੇ ਵਿਚ ਇਲਹਾਮ ਜਾਂ ਆਮਦ ਦੀ ਬਹੁਤ ਸੁਹਣੀ ਤਸਵੀਰ ਤੋਂ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸਕਦਾ। 'ਉਜਾੜ ਵਿਚ' (5) ਸਾਨੂੰ ਪ੍ਰਕਿਰਤੀ ਵਲ ਸਮਕਾਲੀ ਰਵੱਯੀਏ ਦੀ ਸਾਰ ਮਿਲਦੀ ਹੈ। 'ਭੋਲੇ ਚੋਰ ਨਾਲਿ' (9) ਵਿਚ ਸਮਾਜੀ ਇਤਿਹਾਸ ਹੈ। ' ਬਾਬੇ ਤਪ ਅਰੰਭਿਆ'(18) ਵਿਚ ਮਧਕਾਲੀ ਅਵਲੋਕਨ ਹੈ। 'ਨਿਰੰਕਾਰ ਦੇ ਮਹਿਲ' ਜਾਂ 'ਵਜਦ' (24) ਦੀ ਚਰਚਾ ਹੋ ਚੁੱਕੀ ਹੈ। 'ਭਗਤ ਕਬੀਰ ਨਾਲ' (31) ਅਤੇ 'ਬਾਬਾ ਨਾਨਕ, ਗੁਰੂ ਅੰਗਦ ਤੇ ਮਰਦਾਨਾ '(54) ਬ੍ਰਹਮਵਿਦਿਅਕ ਕਲਾ ਦੀਆਂ ਸਿਖਰਾਂ ਹਨ। ਚਿੱਤ੍ਰਕਲਾ ਦੇ ਖੇਤ੍ਰ ਵਿਚ 57 ਤਸਵੀਰਾਂ ਦੀ ਚਿੱਤ੍ਰਾਵਲੀ ਸਿੱਖ ਸੌਂਦ੍ਰਯ ਦੇ ਨਿਰੂਪਨ ਦੀ ਉੱਤਮ ਮਿਸਾਲ ਹੈ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ ਸੈਂਦ੍ਰਯ ਦਾ ਨਿਰੂਪਨ ਪਰੰਪਰਾਈ ਕਲਾ ਨਾਲੋਂ ਮੁਸ਼ਕਲ ਹੈ, ਸੌਖਾ ਨਹੀਂ। ਵਿਚਾਰਧਾਰਾ ਦੀ ਚਿੱਤ੍ਰਕਲਾ ਅਜਿਹੀ ਹੈ ਕਿ ਚਿੱਤ੍ਰਲੜੀ ਨੂੰ ਜ਼ਰੂਰੀ ਬਣਾ ਦਿੰਦੀ ਹੈ ਕਿਉਂਕਿ ਦਰਸ਼ਕ ਨੂੰ ਉਸ ਜੁਗਤ ਮਰਯਾਦਾ (convention) ਬਾਰੇ ਸਿਕਸ਼ਤ ਕਰਨਾ ਹੁੰਦਾ ਹੈ ਜਿਸ ਨੂੰ ਪ੍ਰਗਟਾਵ ਦੇ ਵਾਹਨ ਬਣਾਇਆ ਹੁੰਦਾ ਹੈ। ਇਸ ਕਰਕੇ ਚਿੱਤ੍ਰਾਵਲੀ ਚੈਤ੍ਰੀ (pictorially) ਤਰੀਕੇ ਨਾਲ ਜਨਮਸਾਖੀ ਸਾਹਿਤ ਕਲਾ ਦੇ ਬਰਾਬਰ ਉੱਤਰਦੀ ਹੈ। ਇਸ ਤੋਂ ਹੋਰ ਵੱਡੀ ਪ੍ਰਸੰਸਾ ਸੋਚਣੀ ਮੁਸ਼ਕਿਲ ਹੈ।

ਹੁਣ ਤਾਈਂ ਪਾਠਕ ਦਰਸ਼ਕ ਸਮਝ ਗਏ ਹੋਣਗੇ ਕਿ ਚਿੱਤ੍ਰ ਦਾ ਸਾਖੀ ਦੇ ਬ੍ਰਿਤਾਂਤ ਨਾਲ ਜ਼ਰੂਰੀ ਸਬੰਧ ਨਹੀਂ ਸਗੋਂ ਹਰ ਤਸਵੀਰ ਜਨਮਸਾਖੀ ਉੱਦੇਸ਼ ਦੀ ਪੂਰਤੀ ਦਾ ਪੜਾਉ ਹੈ। ਜੇ ਕੋਈ ਨੰਬਰ ਬਰੈਕਟ ( ) ਵਿਚ ਆਉਂਦਾ ਹੈ ਤਾਂ ਉਹ ਚਿੱਤ੍ਰ ਦਾ ਅੰਕ ਹੈ। ਬਰੈਕਟਾਂ ਤੋਂ ਬਿਨਾ ਅੰਕ ਸਾਖੀ ਦਾ ਨੰਬਰ ਦੱਸਦਾ ਹੈ। ਚਿੱਤ੍ਰਾਂ ਦੇ ਸਾਹਮਣੇ ਦਿੱਤੇ ਪਾਠ ਜਨਮਸਾਖੀ ਉੱਦੇਸ਼ ਦੇ ਅੰਸ਼ ਹਨ ਜਿਹੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ ਬੀ-40 ਜਨਮਸਾਖੀ ਵਿਚੋਂ ਲਏ ਗਏ ਹਨ। ਪਾਠ ਥੱਲੇ ਬਰੈਕਟ ਦਾ ਮਤਲਬ ਹੈ ਕਿ ਸਾਖੀ ਦਾ ਨਾਂਉ ਸੰਪਾਦਕ ਬੀ-40 ਜਨਮਸਾਖੀ ਨੇ ਦਿੱਤਾ ਹੈ। ਨਹੀਂ ਤਾਂ ਸਾਖੀਆਂ ਦੇ ਸਿਰਲੇਖ ਮੂਲ ਹੱਥਲਿਖਤ ਦੇ ਹਨ। ਹੱਥਲਿਖਤ ਵਿਚ ਚਿੱਤ੍ਰਾਂ ਦੇ ਨਾਂਉ ਨਹੀਂ; ਇਹ ਸਿਰਲੇਖ ਚਿੱਤ੍ਰਾਵਲੀ ਦੇ ਸੰਪਾਦਕ ਨੇ ਦਿੱਤੇ ਹਨ।

**ੴ ਸਤਿਗੁਰ ਪ੍ਰਸਾਦਿ**

ਸਾਖੀ ਮਹਲੇ ਪਹਿਲੇ। ਹੋਈ ਤਲਵੰਡੀ ਰਾਇ ਭੋਇ ਭਟੀ ਕੀ।
ਬਾਬਾ ਨਾਨਕੁ ਜੀ ਜਨਮਿਆ ਕਾਲੂ ਖਤ੍ਰੀ ਜਾਤਿ ਵੇਦੀ ਦੇ ਘਰਿ
ਜਨਮੁ ਲਇਆ। ਸੰਮਤ ॥ 1526 ॥ ਬਾਬਾ ਨਾਨਕੁ ਜਨਮਿਆ।
ਵੈਸਾਖੋ ਦਿਨ ਤੀਜੈ ਚਾਨਣੀ ਰਾਤਿ ਅੰਮ੍ਰਿਤ ਵੇਲੈ ਪਹਰੁ ਰਾਤਿ ਰਹਦੀ ਜਨਮਿਆ।


## 1.

ਬਾਬਾ ਨਾਨਕ ਸਕੂਲ'ਚ ਦਾਖਲ

ਤਬ ਪਿਤਾ ਕਾਲੂ ਕਹਿਆ ਬਚਾ ਨਾਨਕੁ ਤੂੰ ਪੜ। ਤਬ ਬਾਬੇ ਨਾਨਕੁ ਕੋ ਪਾਧੇ ਪਾਸਿ ਲੈ ਗਇਆ।

(ਸਾਖੀ ਪਾਧੇ ਨਾਲਿ 2)

### Father Kalu takes Baba Nanak to School



2.

**ਬਾਬੇ ਦੀਆਂ ਮਝਾਂ ਚਰਦੀਆਂ**

ਤਬ ਬਾਬਾ ਮਹੀ ਚਾਰਣਿ ਗਇਆ। ਮਹੀ ਕਣਕੈ ਨੂੰ ਜਾਇ ਪਈਆ। ਤਬ ਬਾਬਾ ਨਾਨਕ ਅਤੇ ਭਟੀ ਖਾਵੰਦੁ ਕਣਕਿ ਦਾ ਦੋਵੈ ਝਗੜਦੇ ਰਾਇ ਬੁਲਾਰ ਪਾਸਿ ਆਇ। ਰਾਇ ਬੁਲਾਰ ਪਿਆਦੇ ਆਪਣੇ ਭੇਜਿ ਦਿਤੇ। ਜਾ ਉਹੁ ਪਿਆਦੇ ਦੇਖਣਿ ਤਾ ਕਿਆ ਦੇਖਣਿ ਜੋ ਇਕੁ ਪਠਾ ਖੇਤਰੇ ਦਾ ਉਜੜਿਆ ਨਾਹੀ।

(ਖੇਤ ਹਰਿਆ ਕੀਤਾ 3)

## Baba Nanak Grazing his Buffaloes

A complaint against Baba Nanak about his buffaloes finishing off the crop was made to Rai Bular. His servants found that the field of wheat had grown again.



3.

**ਬਿਰਛ ਦੀ ਛਾਂ ਖਲੋਈ**

ਇਕ ਦਿਨੁ ਬਾਬਾ ਵਿਚਿ ਰੁਖਾ ਹੇਠ ਸਉ ਰਹਿਆ ਆਹਾ। ਰਾਇ ਬੁਲਾਰੁ ਜਾ ਵੇਖੇ ਤਾ ਦਰਖਤ ਦਾ ਪਛਾਵਾ ਉਥਾਊ ਖੜਾ ਹੈ।

(ਬਿਰਛ ਦੀ ਛਾਂ ਨਾ ਫਿਰੀ 4)

## The Unmoving Shade of a Tree



## 4.

### ਮਾਤਾ ਪਿਤਾ ਨੇ ਬਾਬੇ ਲਈ ਵੈਦ ਬੁਲਾਇਆ

ਵੈਦ ਬਾਬੇ ਦੀ ਬਾਹਿ ਲਗਾ ਪਕੜਣਿ ਤਾਂ ਬਾਬੇ ਬਾਹ ਛਿਕ ਲਈ। ਤਾ ਵੈਦਿ ਕਹਿਆ ਜੋ ਤੇਰੇ ਆਤਮੇ ਰੋਗ ਹੈ ਸੋ ਦੇਖਦਾ ਹਾ। ਤਾ ਬਾਬਾ ਹਸਿਆ। ਸਲੋਕੁ ਬੋਲਿਆ। ਵੈਦਿ ਆਖਿਆ ਭਾਈ ਇਸ ਨੂੰ ਰੋਗੁ ਕਛੁ ਨਾਹੀ ਤੁਸਾ ਚਿੰਤਾ ਕੁਛੁ ਨਾਹੀ ਕਰਣੀ ਏਹੁ ਪਰ ਦੂਖ ਭੰਜਨੁ ਹੈ।

ਵੈਦੂ ਨਾਲਿ 4-5

### The Parents of Baba Nanak Call a Physician

The physician tried the pulse of Baba Nanak. At this Baba Nanak uttered a scriptural composition. The physician declared Baba Nanak a remover of the pain of humanity.



5.

## ਬਾਬਾ ਨਾਨਕ ਤੇ ਮਰਦਾਨਾ ਉਜਾੜ ਵਿਚ

ਤਬ ਬਾਬਾ ਨਾਨਕ ਅਉਝੜਿ ਅਉਝੜਿ ਚਲਿਆ। ਰਾਹੁ ਚਲੈ ਨਾਹੀ। ਵਸਦੀ ਵੜੇ ਨਾਹੀ। ਤਾ ਮਰਦਾਨੇ ਕਹਿਆ ਜੀ ਮੇਰਾ ਘਟੁ ਭੁਖਿ ਨਾਲਿ ਮਿਲਿ ਗਈਆ ਹੈ। ਤਾ ਬਾਬੇ ਆਖਿਆ ਇਸ ਰੁਖ ਦੇ ਫਲ ਤੂ ਖਾਹਿ। ਰਜਿ ਕਰਿ। ਪਰ ਪਲੇ ਬਨੇ ਨਾਹੀ। ਮਰਦਾਨਾ ਪਿਛੈ ਢਹਿ ਪਇਆ। ਜੀਉ ਪਾਤਿਸਾਹਿ ਤੁਧੁ ਜੋ ਆਖਿਆ ਸੀ ਪਲੈ ਬਨੈ ਨਾਹੀਂ। ਮੈ ਕਢਿ ਖਾਵਣਿ ਲਗਾ ਮੇਰਾ ਬੁਰਾ ਹਾਲੁ ਹੋਇਆ। ਮਰਦਾਨਿਆ ਤਹੁ ਬੁਰਾ ਕੀਤਾ ਸੀ ਏਹੁ ਬਿਖ ਫਲ ਸੇ। ਪਰੁ ਵਚਨਿ ਪਾਇ ਅੰਮ੍ਰਿਤ ਫਲ ਹੋਏ ਸੇ।

ਬਾਬਾ ਅਉਝੜਿ 7

## Baba Nanak and Mardana in Wilderness

Mardana felt hungry. Baba Nanak ordered him to eat the fruit of a tree. He was warned against collecting them. He fell ill when he began eating from his hoard. Baba Nanak informed him that the poison fruit had changed into *amrit* at his bidding.



6.


**ਬਾਬਾ ਨਾਨਕ ਮਾਤਾ ਪਿਤਾ ਨਾਲ**

ਤਾਂ ਬਰਸੀ ਬਾਰੀ ਫਿਰ ਪੰਜਾਬ ਕੀ ਧਰਤੀ ਆਇਆ। ਮਰਦਾਨੇ ਅਰਦਾਸਿ ਕੀਤੀ ਜੁ ਜੀ ਪਾਤਿਸਾਹਿ ਮੈਨੂੰ ਹੁਕਮ ਹੋਵੈ। ਤਾ ਘਰਿ ਦੀ ਖਬਰ ਲਹਿ ਆਵਾ। ਦੇਖਾ ਅਸਾਡੇ ਆਦਮੀ ਰਹੇ ਕੇ ਸਭ ਮੁਏ ਹੈਨ। ਤਬ ਬਾਬਾ ਹਸਿਆ। ਤੇਰੇ ਆਦਮੀ ਮਰਹਿਗੇ ਤਾ ਅਸੀ ਸੰਸਾਰੁ ਕਿਉਕਰਿ ਰਖਹਿਗੇ।

(ਗੋਸ਼ਟ ਮਾਤਾ ਪਿਤਾ ਨਾਲਿ 8)

**Baba Nanak with his Parents**

Baba Nanak returned after twelve years. His parents discovered him when they followed Mardana, who had gone to visit his folks at home.



## 7.


### ਬਾਬਾ ਨਾਨਕ, ਅਬਦੁਲ ਰਹਿਮਾਨ, ਮੀਆਂ ਮਿੱਠਾ ਤੇ ਮਰਦਾਨਾ

ਸਾਹ ਅਬਦਲ ਰਹਮਾਨ ਨਾਲਿ ਗੋਸ਼ਟ ਹੋਈ। ਅਗੋ ਮੀਆ ਮਿਠਾ ਮੁਰੀਦ ਸਾਹ ਕਾ ਥਾ। ਆਖਿਉਸੁ ਸਾਹ ਜੀ ਅਜੁ ਤਾ ਬਹੁਤੁ ਲਾਲ ਰਗੀਨੁ ਹੋਇ ਆਏ ਹੋ। ਸਾਹ ਆਖਿਆ ਜੋ ਅਜੁ ਖੁਦਾਇ ਕਾ ਲਾਲੁ ਮਿਲਿਆ।

ਗੋਸ਼ਟ ਅਬਦਲ ਰਹਮਾਨ ਨਾਲਿ 9

### Baba Nanak, Abdul Rehman, Mian Mitha and Mardana

Shah Abdul Rehman had changed from blue to red in his dress for meeting the man of God.



## 8.


### ਰਾਖਸ਼, ਬਾਬਾ ਨਾਨਕ ਤੇ ਮਰਦਾਨਾ

ਚਲਦਿਆ ਚਲਦਿਆ ਮਹਾ ਉਦਿਆਨ। ਇਕ ਰਾਕਸ਼ ਦੀ ਝੰਗੀ ਉਤੇ ਜਾਇ ਭਏ। ਕੜਾਹਾ ਤੇਲ ਦਾ ਤਾਇਦਾ ਹੈ। ਅਤੇ ਬਹੁਤੁ ਬੰਦੀਵਾਨ ਹੈਨਿ। ਇਕ ਨੂੰ ਪਕੜਿ ਕੇ ਵਿਚ ਪਾਇਉਸੁ ਕੜਾਹਾ ਲਗਾ ਕਲਕਣਿ। ਫੇਰ ਬਾਬੇ ਦੀ ਉਗਲ ਪਾਵਣੇ ਨਾਲਿ ਸੀਤਲੁ ਹੋਇ ਗਇਆ।

**(ਸਾਖੀ ਰਾਖਸ਼ ਨਾਲਿ ਹੋਈ 10)**

### A Demon with Boiling Cauldron, Baba Nanak and Mardana

A demon was frying a prisoner in his cauldron, which cooled down when Baba Nanak put his finger in.



## 9.

### ਭੋਲਾ ਚੋਰ, ਬਾਬਾ ਨਾਨਕ ਤੇ ਮਰਦਾਨਾ

ਭੋਲਾ ਚੋਰ ਥਾ। ਚਿਟੇ ਕਪੜੇ ਕਰਕੇ ਰਾਹ ਮਾਰਦਾ। ਵਡਾ ਸੂਰਮਾ। ਅਠਿ ਦਸਿ ਆਦਮੀ ਇਕੁ ਨਿਵਾਲਾ ਹੋਦੇ ਥੇ। ਅਖਿਉਸੁ ਮੈ ਏਵੈ ਉਮਰ ਬੇਹੂਦਾ ਗਵਾਈ। ਬਾਬੇ ਥਾਪੀ ਮਾਰੀ ਮੁਕਤੁ ਕੀਤਾ।

**(ਸਾਖੀ ਭੋਲੇ ਚੋਰ ਨਾਲਿ ਹੋਈ 11)**

### Bhola, the Robber, Baba Nanak and Mardana

The robber was brought round to practise virtue by Baba Nanak.



## 10.


### ਕਲਿਜੁਗ, ਬਾਬਾ ਨਾਨਕ ਤੇ ਮਰਦਾਨਾ

ਮਹਾ ਭਇਆਨ ਉਦਿਆਨੁ। ਤੁਫਾਨ ਬਹੁਤੁ ਆਇਆ ਨਾਲੇ ਮੀਹੁ। ਸੁਰਤਿ ਦੇਉ ਵਡੇ ਦੰਦ ਚੋਟੀ ਅਸਮਾਨ ਨਾਲਿ ਵਡਾ ਉਦਰੁ ਭਿਆਣਕ ਬੁਰੇ ਨੇਤ੍ਰ। ਫਿਰ ਹੁਕਮੁ ਨਾਲਿ ਮਨੁਖ ਰੂਪ ਹੋਇ ਕੈ ਹਥਿ ਬੰਨਿ ਖੜਾ ਹੋਇਆ। ਮੈ ਕਲਿਜੁਗ ਹਾ। ਬਾਬੇ ਕਹਿਆ ਭਾਈ ਜੀ ਜੋ ਕੋਈ ਮੇਰਾ ਸਿਖੁ ਹੋਵੇਗਾ ਤਿਸ ਨੂੰ ਦੁਖੁ ਨਾਹੀ ਦੇਵਣਾ। ਭਵਾਲੀ ਨਾਹੀ ਦੇਵਣੀ। ਮੇਰੀ ਸੰਗਤਿ ਸੁਖੀ ਖੁਸੀ ਭੈ ਵਿਚ ਰਹੈ। ਕਲਿਜੁਗੁ ਬਾਬੇ ਦੀ ਪੈਰੀ ਪਇਆ।

(ਸਾਖੀ ਕਲਿਜੁਗ ਨਾਲਿ 12)

### Kaliyuga Baba Nanak and Mardana

Kaliyuga promises Baba Nanak that he would refrain from exercising his evil influence over his Sikhs and Sangat.



## 11.

### ਸਿੱਖ, ਬਾਬਾ ਨਾਨਕ ਤੇ ਮਰਦਾਨਾ

ਤਬ ਬਾਬਾ ਤੇ ਮਰਦਾਨਾ ਏਕ ਥਾਇ ਜਾਇ ਬੈਠੇ। ਇਕ ਸਿਖੁ ਆਇ ਕੈ ਕਹਿਆ ਜੀ ਮਿਹਰਵਾਨੁ ਠਾਕੁਰਦੁਆਰੇ ਕ੍ਰਿਪਾ ਕੀਜੈ। ਵੇਚ ਵਟਿ ਕੇ ਰਸੋਈ ਕੀਤੀ। ਬਾਲਕੁ ਖੇਡਦਾ ਖੇਡਦਾ ਚੁਲੇ ਵਿਚ ਜਾਇ ਪਇਆ। ਸਿਖਣੀ ਚੁਪ ਕਰ ਕੈ ਚਾਦਰ ਵਿਚ ਲਪੇਟ ਕੇ ਅੰਦਰਿ ਰਖਿ ਆਈ। ਤਾ ਬਾਬੇ ਸਦਿਆ ਬਚਾ ਲਾਲਿਆ। ਉਹੁ ਬਾਲਕੁ ਖੇਡਦਾ ਖੇਡਦਾ ਆਇ ਨਿਕਲਿਆ।

**ਇਕੁ ਸਿਖੁ ਨਾਲਿ 13**

### Baba Nanak and Mardana with a Sikh

A Sikh invited Baba Nanak and Mardana. His son was burnt to death when his wife was cooking. She remained cool. Baba Nanak shouted for the boy and he ran out alive.



## 12.

### ਬਾਬਾ ਮੱਕੇ, ਮੁਜਾਵਰ ਤੇ ਮਰਦਾਨਾ

ਬਾਬਾ ਲੰਮੀਆ ਟੰਗਾ ਮਿਹਰਾਬੁ ਦੀ ਵਲਿ ਕਰਿ ਕੇ ਸੁਤਾ ਥਾ। ਮੁਲਾ ਮੁਜਾਵਰੁ ਮਸੀਤ ਦਾ ਆਖਿਓਸੁ ਏ ਮਰਦ ਖੁਦਾਇ ਕੇ ਘਰਿ ਵਲਿ ਪੈਰ ਕਰਿ ਕੇ ਸੁਤਾ ਹੈ। ਤਾ ਬਾਬੇ ਕਹਿਆ ਅਖੂਨ ਜੀ ਜਿਤ ਵਲਿ ਘਰੁ ਖੁਦਾਇ ਦਾ ਨਾਹੀ ਉਤਿ ਵਲਿ ਮੇਰੇ ਪੈਰੁ ਕਰਿ ਛਡਿ। ਜਬ ਮੁਲਾ ਪੈਰ ਬਾਬੇ ਕੇ ਦਖਣ ਕੀ ਵਲਿ ਕੀਤੇ ਤਾ ਮਿਹਰਾਬੁ ਉਸੀ ਤਰਫ ਹੋਇ ਗਇਆ।

**ਮਕੇ ਦੀ ਮਸੀਤ ਵਿਚੁ 14**

### Baba Nanak at Mecca with Mulla and Mardana

Baba Nanak slept with his feet pointing to Mecca. The Mulla dragged his feet which made the Mecca turn round.



## 13.


**ਸ਼ਾਹ ਰੁਕਨ ਦੀਨ, ਬਾਬਾ ਨਾਨਕ ਤੇ ਮਰਦਾਨਾ**

ਬਹੁਤੁ ਆਪਿ ਵਿਚ ਪਰਚੈ। ਤਬ ਸਾਹ ਰੁਕਨ ਦੀ ਨਾਨਕੁ ਨੂੰ ਆਖਿਆ। ਤੁਸੀ ਬਡੇ ਖੁਦਾਇ ਕੇ ਨਜੀਕੀ ਹੋ। ਤਬ ਬਾਬਾ ਅਲਫ ਬੇ ਉਤੇ ਤੀਹ ਸਿਪਾਰੇ ਬੋਲਿਆ।

ਸਾਹ ਰੁਕਨਦੀ ਪੋਤੇ ਮਖਦੂਮ ਬਹਾਵਦੀ ਦੇ ਨਾਲਿ ਗੋਸ਼ਟ ਹੋਈ 15

**Shah Rukn-ud-Din, Baba Nanak and Mardana**

Baba Nanak spoke to Shah Rukn-ud-Din of God in thirty verses on the Koranic pattern embodying Sikh tenets.



## 14.


### ਹਾਜੀ ਰਤਨ, ਬਾਬਾ ਨਾਨਕ ਤੇ ਮਰਦਾਨਾ

ਜੰਗਲ ਕਾ ਪੀਰੁ ਬਾਬਾ ਰਤਨ ਹਾਜੀ ਤਿਸ ਨਾਲਿ ਗੋਸਟ ਹੋਈ। ਤਬ ਬਾਬੇ ਰਤਨ ਹਾਜੀ ਕਹਿਆ ਜੁ ਨਾਨਕੁ ਜੀ ਤੁਸੀ ਵਡੇ ਖੁਦਾਇ ਦੇ ਪਿਆਰੇ ਹੋ। ਐਸੀ ਸਰਫਰਾਜੀ ਹੋਈ ਜੁ ਜੀ ਦੀਦਾਰੁ ਤੁਸਾਡਾ ਹੋਇਆ। ਅਸਾਨੂੰ ਕੋਈ ਆਪਣਾ ਬੈਤੁ ਸੁਨਾਈਐ। ਤਬ ਬਾਬਾ ਰਾਗੁ ਤਿਲੰਗ ਵਿਚ ਬੋਲਿਆ। ਗਜਲਿ।

ਬਾਬਾ ਰਤਨ ਹਾਜੀ ਨਾਲਿ ਗੋਸ਼ਟ ਹੋਈ 16

### Haji Rattan, Baba Nanak and Mardana

Haji Rattan requested Baba Nanak for his composition to be memorised by him.



## 15.

### ਬਾਬਾ ਨਾਨਕ, ਸੇਖ ਇਬਰਾਹੀਮ, ਸ਼ੇਖ ਕਮਾਲ ਤੇ ਮਰਦਾਨਾ

ਪਟਣੇ ਕਾ ਪੀਰੁ ਸੇਖ ਫਰੀਦੁ ਥਾ। ਤਿਸਕੇ ਥਾਨ ਤੇ ਸੇਖ ਬਰਾਹਮੁ ਥਾ। ਸੇਖੁ ਕਮਾਲੁ ਪੀਰ ਕੇ ਮੋਦੀਖਾਨੇ ਕੀਆ ਲਕੜੀਆ ਚੁਣਨਿ ਗਇਆ ਥਾ। ਅਗੇ ਬਾਬਾ ਤੇ ਮਰਦਾਨਾ ਬੈਠੇ ਥੇ। ਮਰਦਾਨੇ ਰਬਾਬ ਵਜਾਇਆ। ਸਬਦੁ ਲਗਾ ਗਾਵਣਿ। ਤਾ ਕਮਾਲ ਕਹਿਆ ਪੀਰ ਜੀ ਇਕ ਬੈਤੁ ਮੈਨੂ ਭੀ ਹਾਸਲੁ ਹੋਆ ਹੈ। ਤਾ ਪੀਰ ਕਹਿਆ ਬਚਾ ਉਹੁ ਕੋਈ ਖੁਦਾਇ ਦਾ ਪਿਆਰਾ ਹੈ। ਉਸਿ ਪਾਸਿ ਮੈਨੂੰ ਲੈ ਚਲੁ ਤਿਸੁ ਨਾਲਿ ਖੁਦਾਇ ਦੀਆ ਗਲਾਂ ਕਰਾ ਹੇ। ਤਬ ਸੇਖ ਬ੍ਰਿਹਮੁ ਕਹਿਆ ਨਾਨਕੁ ਜੀ ਤੂੰ ਤਾ ਆਖਦਾ ਹੈ ਹਿਕੋ ਹਿਕੁ ਹੈ। ਪਰੁ ਹਿੰਦੂ ਆਖਦੇ ਹੈ ਅਸਾਹਾ ਵਿਚ ਸਹੀ ਹੈ। ਅਤੇ ਮੁਸਲਮਾਨ ਕਹਿਦੇ ਹੈ ਅਸਾ ਹੀ ਵਿਚ ਸਹੀ ਹੈ। ਤਬ ਬਾਬੇ ਨਾਨਕੁ ਕਹਿਆ। ਜੀ ਇਕੋ ਸਾਂਹਿਬੁ ਇਕਾ ਹਦਿ ਇਕਸੇ ਨੂੰ ਸੇਵ ਦੂਜੈ ਕਉ ਰਦਿ। ਤਾ ਸੇਖ ਕਹਿਆ ਨਾਨਕ ਜੀ ਦਿਖਾ ਨਦਰਿ ਪਿਛੈ ਸੇਵਾ ਹੈ ਕਿ ਸੇਵਾ ਪਿਛੈ ਨਦਰਿ ਹੈ। ਤਾ ਬਾਬੇ ਕਹਿਆ। ਸੇਵਾ ਕਰੈ ਜੁ ਕੰਤ ਕੀ ਕੰਤੁ ਤਿਸੀ ਕਾ ਹੋਇ। ਤਾ ਸੇਖੁ ਬਾਬੇ ਦਿਆ ਪੈਰਾ ਉਤੇ ਢਹਿ ਪਇਆ। ਆਖਿਉਸੁ ਵਾਹੁ ਨਾਨਕੁ ਵਾਹੁ ਨਾਨਕੁ ਖੁਦਾਇ ਦੇ ਰਾਹ ਦੀ ਖਬਰ ਦਿਤੀ।

**(ਗੋਸਟਿ) ਸੇਖੁ ਬ੍ਰਾਹਮ ਨਾਲਿ ਹੋਈ 17**

### Baba Nanak, Shaikh Ibrahim, Shaikh Kamal and Mardana

Baba Nanak met Shaikh Ibrahim, the successor of Shaikh Farid to discuss the claims of the Hindus and the Muslims about God. The Shaikh asked Baba about the priority of grace to service. Baba Nanak's reply that grace originates in service made Shaikh Ibrahim fall at his feet to confess that he had been shown the way of God.



## 16.


### ਬਾਬਾ ਨਾਨਕ ਤੇ ਮਰਦਾਨਾ, ਨੱਚਦੇ ਪਠਾਣ

ਅਗੋ ਪਠਾਣਾ ਦੇ ਘਰਿ ਵੀਵਾਹੁ ਥਾ। ਜਿਤਨੀ ਘਰੀ ਫਿਰੇ ਤਿਤਨੀ ਘਰੀ ਸੁਆਲੁ ਕਿਸੈ ਨਾ ਮੰਨਿਉ। ਤਾ ਬਾਬਾ ਬਹੁਤ ਕ੍ਰੋਪਮਾਨ ਹੋਇਆ। 'ਜੈਸੀ ਮੈ ਆਵੈ ਖਸਮ ਕੀ ਬਾਣੀ'।

**ਗੋਸ਼ਟੁ ਬਾਬਰੁ ਨਾਲਿ ਹੋਈ 18**

### Baba Nanak and Mardana with Dancing Pathans

Baba Nanak cursed the Pathans of Saidpur for their inhospitality.



17.

### ਕਰੌੜੀਆ, ਬਾਬਾ ਨਾਨਕ ਤੇ ਮਰਦਾਨਾ

ਜਿਥੈ ਬਾਬਾ ਰਹੰਦਾ ਥਾ। ਉਸ ਗਿਰਾਉ ਪਾਸਿ ਹਿਕ ਕਰੌੜੀਆ ਰਹੰਦਾ ਥਾ। ਉਨਿ ਕਹਿਆ। ਹਿੰਦੂਆ ਦੇ ਤਾਈ ਤਾ ਖਰਾਬੁ ਕੀਆ ਪਰੁ ਮੁਸਲਮਾਨਾ ਦਾ ਭੀ ਈਮਾਨੁ ਖੋਇਆ। ਤਾ ਆਵਦਾ ਆਵਦਾ ਰਾਹ ਵਿਚ ਅੰਨਾ ਹੋਇ ਗਇਆ। ਲੋਕਾ ਕਹਿਆ ਦੀਵਾਨ ਜੀ ਨਾਨਕੁ ਵਡਾ ਪੀਰ ਹੈ। ਤਾ ਆਇ ਕੈ ਪੈਰੀ ਪਇਆ। ਕਰੌੜੀਏ ਅਰਜੁ ਕੀਤੀ ਬਾਬਾ ਜੀ ਤੇਰਾ ਹੁਕਮੁ ਹੋਵੇ ਤਾ ਮੈ ਇਕੁ ਚਕੁ ਬਨਾਵਾ ਤੇਰੇ ਨਾਵ ਕਾ ਨਾਉ ਕਰਤਾਰਪੁਰੁ ਰਖੀਐ।

**ਕਰੌੜੀਏ ਨਾਲਿ ਹੋਈ 19**

### A Revenue-Collector, Baba Nanak and Mardana

A revenue-collector was critical of Baba Nanak for spoiling the religion of the Hindus and the Muslims. He went blind. Then, he spiritually surrendered to Baba Nanak and donated land for the founding of Kartarpur.



**18.**

**ਬਾਬੇ ਤਪ ਅਰੰਭਿਆ**

ਦੋਹਾ ਕੋਹਾ ਵਿਚ ਦੋਇ ਢੇਰੀਆਂ ਕੀਤੀਆ। ਇਕਤ ਸਿਰੇ ਜਪ ਲਗੇ ਪੜਣਿ। ਪੜਦੇ ਪੜਦੇ ਉਤੇ ਸਿਰੇ ਜਾਇ। ਅਹਾਰੁ ਅਕ ਦੀ ਖਖੜੀ। ਇਕੋ ਤਲੀ ਰੇਤੁ ਕੀ ਮਾਰਣੀ।

**ਬਾਬੇ ਤਪੁ ਅਰੰਭਿਆ 20**

**Baba Nanak Practises Austerities**

Baba Nanak recited *Japu* between two mounds of earth. He lived on a poisonous wild plant *(Calatropis procera)* and a fistful of sand.



## 19.


### ਤ੍ਰਿਆ ਰਾਜ ਵਿਚ ਬਾਬਾ ਨਾਨਕ ਤੇ ਭੇਡੂ ਮਰਦਾਨਾ

ਤ੍ਰਿਆ ਰਾਜ ਹੈ। ਪੁਰਖੁ ਉਥੇ ਅਲੁਭ ਸੇ। ਜਾ ਮਰਦਾਨੇ ਹਥਿ ਧਾਗਾ ਬਧੋ ਨੇ ਤਾ ਛਤਰਾ ਹੋਇ ਗਇਆ। ਬਾਬੇ ਜੀ ਮਰਦਾਨੇ ਹਥੋ ਧਾਗਾ ਖੋਲਿ ਸਟਿਆ ਮਰਦਾਨਾ ਫੇਰ ਆਦਮੀ ਹੋਇ ਖਲੋਤਾ। ਤਾ ਉਨੀ ਆਖਿਆ ਏ ਮਾਣੂ ਨਾਹੀ ਏਹੁ ਜੋ ਹੈ ਕੋਈ ਪਰਮੇਸਰੁ ਹੈ।

ਬਾਬਾ ਜੀ ਤਿਰੀਆ ਰਾਜ ਗਇਆ 21

### Baba Nanak in a Country ruled by Women

They had magically changed Mardana into a ram.



ਭਾਈ ਸੰਗੂ ਪੋਥੀ ਲਿਖਵਾਈ ਦਿਸਵੰਧੀ ਦੇ ਪ੍ਰਤੁ ਟੈਹਲੀਏ ਸੰਗਤ ਦੇ

ਲਿਖੀ ਦਏ ਖਤਰੇਟੇ ਸੰਗਤ ਦੇ ਅਧੀਨ

ਸੂਰਤਾ ਲਿਖਿਆ ਆਲਮਚੰਦ ਰਾਜ ਸੰਗਤ ਦੇ ਟੈਹਲੀਏ

## 20.


**ਸੁਮੇਰ ਪਰਬਤ ’ਤੇ ਸਿੱਧ, ਬਾਬਾ ਨਾਨਕ ਤੇ ਮਰਦਾਨਾ**

ਬਾਬਾ ਜੀ ਸੁਮੇਰ ਪਰਬਤਿ ਜਾਇ ਚੜੈ। ਤਾ ਅਗੇ ਸਿਧ ਬੈਠੇ ਥੇ।ਸ੍ਰੀ ਗੋਰਖੁ ਨਾਥੁ ਰਾਜਾ ਭਰਥਰੀ ਈਸਰ ਨਾਥੁ। ਚਰਪਟ ਨਾਥੁ। ਰਾਜਾ ਗੋਪੀ ਚੰਦੁ ਸਭ ਬੈਠੇ ਥੇ ਸਿਰੀ ਗੋਰਖਨਾਥੁ ਕਹਿਆ ਬਾਬੇ ਜੀ ਕਉ ਬਾਬਾ ਜੀ ਸਿਧ ਮਿਲੇ ਕਾ ਅਰੁ ਮਹਾਂ ਪੁਰਖੁ ਮਿਲੇ ਕਾ ਕਿਆ ਫਲੁ ਹੈ ਜੁ ਭਾਵੈ ਕੈਸਾ ਪਾਪੀ ਹੋਇ ਸੁ ਮਕਤਿ ਹੋਇ। ਸਿਰੀ ਗੋਰਖ ਨਾਥੁ ਹਥਿ ਜੋੜਿ ਕੇ ਅਸੀਰਬਾਦ ਦੀਆ ਜੁ ਤੇਰੀ ਭਗਤਿ ਅਖੰਡ ਹੋਇਗੀ। ਕਲੀ ਕਾਲ ਮਹਿ ਤੇਰੇ ਸਮਾਨ ਗੁਰੂ ਕੋਈ ਨ ਹੋਇਗਾ। ਅਰੁ ਗੁਰੁ ਜੇ ਹੋਇਗਾ ਸੁ ਤੇਰੇ ਹੀ ਘਰਿ ਤੇ ਤੇਰਾ ਹੀ ਗੁਰੂ ਜਨਮੈਗਾ।

**ਸਿਧਿ ਗੋਸਟਿ ਹੋਈ 22**

### Baba Nanak and Mardana come upon the *Siddhas* on the Sumer Mountain

Baba Nanak discusses the state of the world and the moot points of spiritualism with the *siddhas*. Gorakhnath gives benediction with folded hands to Baba Nanak: "You will have no equal as a Guru in *Kaliyuga*. If ever you have a Guru he will be born of you".




21.

**ਅੰਗਦ ਜੀ ਭਉਣਿ ਚਲਿਆ**

ਲਹਿਣੇ ਦਾ ਨੇਮੁ ਸਾ ਬਰਸ ਦਿਨਾ ਭਉਣ ਭਗਉਤੀ ਦੇ ਜਾਦਾ ਸਭੁ ਲੋਕ ਜਿਤਨੇ ਹਰੀਕੇ ਸੇ ਦੂਰਗਾ ਪਰਸਿਣ ਚਲੈ।

**ਅੰਗਦ ਜੀ ਭਉਣਿ ਚਲਿਆ 23**

**Lehna (later Guru Angad), and his Companions are going to a Temple of Durga**



## 22.

### ਲਹਿਣਾ ਤੇ ਸਾਥੀ ਬਾਬੇ ਨਾਨਕ ਦੇ ਪੈਰੀਂ

ਜਿਤਨਾ ਸੰਗੁ ਸਾ ਸਭ ਘੁਮ ਘੁਮਾਇ ਕੇ ਮੁੜਿਆ। ਆਇ ਬਾਬੇ ਨਾਨਕੁ ਦੇ ਪੈਰੀ ਪਏ। ਗੁਰੂ ਬਾਬੇ ਆਖਿਆ ਤੂੰ ਮੇਰੇ ਅੰਗ ਥੀ ਜੁਦਾ ਨਾ ਹੋਹਿਗਾ। ਮੇਰਿਅਹੁ ਅੰਗਹੁ ਤੂੰ ਪੈਦਾ ਹੋਇਆ ਹੈ। ਜੇਹਾ ਬਾਬਾ ਨਾਨਕੁ ਸਾ ਤੇਹੋ ਜੇਹਾ ਗੁਰੂ ਅੰਗਦੁ ਹੋਇਆ। ਤੇਹੋ ਜੇਹਾ ਗੁਰੂ ਤੇਹੋ ਜਿਹਾ ਸਿਖੁ ਹੋਇਆ। ਜੋਤਿ ਮਹਿ ਜੋਤਿ ਸਮਾਈ। ਕਲਾ ਭਰਪੂਰ ਹੋਈ।

ਗੁਰੂ ਅੰਗਦੂ ਦੇ ਉਪਰ ਜੋੜਾ ਕਪੜਿਆ ਦਾ ਮਹੀਨ ਖਰਾ ਸੁਪੇਦ ਸਾ।

**ਅੰਗਦ ਜੀ ਭਉਣਿ ਚਲਿਆ 23**

### Angad and his Companions visit Baba Nanak

Angad and his companions turned round to visit Baba Nanak. Baba Nanak made his spirit mingle with that of Guru Angad.



23.

**ਬਾਬਾ ਨਾਨਕ ਦੇ ਸਾਧ ਮੂਲੇ ਖਤਰੀ ਦੇ**

ਨਾਨਕੁ ਏਥੇ ਆਇਆ ਸਾ ਏਹੁ ਮਿਲਿਉ ਨਾਹੀ। ਛਪਿ ਪਇਆ ਹੁਣਿ ਮਰਦਾ ਹੈ। ਗੁਰੂ ਬਾਬੇ ਆਖਿਆ ਹੁਣਿ ਏਹ ਜੀਵਣੋ ਚੁਕਾ ਹੈ। ਪਰੁ ਇਨ ਅੰਤ ਕੇ ਸਮੇ ਦਰਸਨੁ ਕੀਤਾ ਹੈ। ਏਹੁ ਮੁਕਤਿ ਹੋਇਆ।

**ਸਾਖੀ ਮੂਲੇ ਖਤਰੀ ਨਾਲਿ 24**

### Baba Nanak and Mardana with Mendicants at Mula Khatri's

Mula Khatri died because he hid himself on the arrival of the party of Baba Nanak. But he was redeemed.



**24.**

**ਬਾਬੇ ਤਪ ਅਰੰਭਿਆ**

ਬਾਬੇ ਨਾਨਕੁ ਖੁਡੀ ਉਸਾਰੀ। ਬੈਠਕ ਰੋੜਾ ਦੀ ਚਉਤਰਾ ਮੰਜੇ ਉਪਰ ਪੂਲਾ ਕਖਾ ਦਾ ਵਛਾਇ ਕਰਿ ਬਾਬਾ ਬੈਠੇ। ਜਿਚਰ ਬਾਬਾ ਬੈਠਾ ਰਹੈ ਤਿਚਰ ਰਬਾਬੀ ਕੀਰਤਨੁ ਕਰੇ। ਸੰਗਤਿ ਪਾਸਿ ਬੈਠੇ। ਬਰਸ ਦਿਨਾ ਬਾਬਾ ਸਾਹੁ ਲੈਦਾ ਇਕੁ ਤਲੀ ਰੇਤੁ ਦੀ ਫਕ ਰਹਦਾ ਇਕੋ ਅਕ ਦੀ ਖਖੜੀ। ਟੁਟ ਸੰਸਾਰੁ ਪਇਆ ਹਿੰਦੂ ਮੁਸਲਮਾਨੁ।

**(ਬਾਬੇ ਤਪ ਅਰੰਭਿਆ 25)**

**Baba Nanak Practises Austerities**

He would breathe once a year. Thousands of Hindus and Muslims flocked there to have a sight of him.



**25.**

**ਬਾਬੇ ਸੇਵਾ ਆਰੰਭੀ**

ਤਬੁ ਬਾਬਾ ਨਾਨਕੁ ਆਇ ਬੈਠਾ ਸੇਵਾ ਆਰੰਭੀ। ਕੋਈ ਜੇਹੀ ਮਨਸਾ ਕਰਿ ਆਵੈ ਤੇਹੀ ਮਨਸਾ ਪੂਰੀ ਹੋਵੈ।

**ਬਾਬੇ ਸੇਵਾ ਅਰੰਭੀ 26**

**Baba Nanak gave Boons to the Visitors**

(an incomplete picture)



## 26.

### ਬਾਬਾ ਨਾਨਕ ਅਜਿੱਤੇ ਰੰਧਾਵੇ ਨਾਲ

ਤਾ ਬੋਲਿਣਾ ਹੋਆ ਗੁਰੂ ਭਾਣੇ ਕਾ ਖਸਮੁ ਹੈ। ਮਨੁਖਾ ਕਾ ਜਾਮਾ ਜੁਗਾ ਵਿਚ ਪੈਨ ਬੈਠਾ ਹੈ। ਪਰੁ ਰਹੇਗਾ ਸਾਂਗ ਵਿਚ। ਭਾਈ ਅਜਿਤਿਆ ਨਾਵੇ ਜਾਮੇ ਸਾਂਗ ਭਾਰੀ ਹੋਵੈਗਾ। 'ਨਾਵੇ ਮਹਲ ਨਾਨਕਾ ਚੁਗਲ ਅਪਾਰ ਕਾ ਨਾਉ'। ਅਜਿਤੇ ਰੰਧਾਵੈ ਅਰਦਾਸ ਕੀਤੀ ਸਚੇ ਪਾਤਿਸਾਹਿ ਜਾ ਤੂੰ ਜਾਮਹ ਬਦਲਹਿਗਾ। ਤਾਂ ਤੇਰੇ ਪਿਛੈ ਸਿਖ ਭਦ੍ਰ (ਮੁੰਡਨ) ਕਰਾਇਨਗੇ ਏਹੁ ਰੂਪੁ ਕਿਥੈ ਹੋਗੁ। ਤਾਂ ਬੋਲਣਾ ਹੂਆ। ਮੇਰੇ ਮੁਹ ਕਾ ਬੋਲਣਾ ਕਹਣਾ ਕਛੁ ਨਾਹੀ। ਮੇਰਾ ਵਾਕੁ ਸਬਦੁ ਹੈ। ਬਚਾ ਘਰਿ ਘਰਿ ਮੰਜੀਆ ਪਾਇ ਬਹਨਿਗੇ।

**ਗੋਸ਼ਟ ਬਾਬਾ ਨਾਨਕੁ ਅਜਿਤੇ ਰੰਧਾਵੈ ਨਾਲਿ 27**

### Baba Nanak and Ajita Randhawa

Baba Nanak speaks to Ajita Randhawa about the difficulties of Sikh *panth* in the times of Guru Teg Bahadur.



27.

### ਅੱਚਲ ਵਟਾਲੇ ਸਿੱਧਾਂ ਨਾਲ ਬਾਬਾ ਨਾਨਕ ਤੇ ਮਰਦਾਨਾ

ਪਹਿਲੋ ਸਿਧ ਛਪੈ। ਬਾਬਾ ਜੀ ਅੰਤਰਿ ਧਿਆਨੁ ਹੋਇ ਕੈ ਜਿਥੇ ਜਿਥੇ ਛਪੈ ਆਹੇ ਚੋਟੀਅਹੁ ਪਕੜਿ ਆਣਿ ਖੜੇ ਕੀਤਾ। ਬਾਬੇ ਆਖਿਆ ਹੁਣਿ ਮੈ ਛਪਦਾ ਅਸਾ ਤੁਸੀ ਢੂਢਹ। ਜੇ ਤੁਸਾ ਲਧਾ ਤਾ ਅਤਿ ਭਲਾ ਨਾਤਰ ਟਕਾ ਇਕੁ ਅਰਦਾਸੁ ਰਖਿ ਕੈ ਮਥਾ ਟੇਕਣਾ। ਤਾ ਬਾਬਾ ਜੀ ਚਹੁ ਚੀਜਾ ਦਾ ਜੁ ਇਸ ਕਾ ਖੰਮੀਰੁ ਹੈ। ਖਾਕ ਬਾਦ ਆਬ ਆਤਸ ਵਿਚ ਸਮਾਇ ਗਇਆ। ਉਹੁ ਸਿਧ ਫਿਰ ਟਕਾ ਇਕੁ ਅਰਦਾਸੁ ਰਖਿ ਕੈ ਪੈਰੀ ਪਏ।

ਬਾਬਾ ਅਚਲ ਗਇਆ 28

### Baba Nanak and Mardana with *Siddhas* at Achal Batala

Baba Nanak found the *siddhas* when they hid themselves in the sky and the nether world. They could not discover Baba Nanak, incorporating himself in the elements.



**28.**

**ਬਾਬਾ ਨਾਨਕ ਨਿਰੰਕਾਰ ਦੇ ਮਹਲ**

ਬਾਬਾ ਨਾਨਕੁ ਸਿਫਤ ਸਲਾਹ ਵਿਚ ਬਾਣੀ ਲੈ ਉਠਿਆ। ਨਿਰੰਕਾਰ ਕਹਿਆ ਜਾਹ ਮੇਰਾ ਨਾਉ ਸੁ ਤੇਰਾ ਨਾਉ। ਮੇਰਾ ਨਾਉ ਗੁਰੂ ਹੈ ਤੇਰਾ ਨਾਉ ਜਗਤਿ ਗੁਰੂ ਹੋਇਆ। ਮੈ ਤੇਰਾ ਇਕੁ ਪੰਥ ਕੀਆ ਕਲਿ ਕੈ ਬਿਖੇ।

**(ਬਾਬਾ ਨਾਨਕ ਨਿਰੰਕਾਰ ਦੇ ਮਹਲ ਵਿਚ 29)**

**Baba Nanak in the Presence of God**

Baba Nanak was called into the presence of God where the religion of Sikhism was authorised.




29.

ਰਾਜਾ, ਬਾਬਾ ਨਾਨਕ ਤੇ ਮਰਦਾਨਾ

ਸਾਖੀ ਇਕੁ ਰਾਜੇ ਨਾਲਿ ਹੋਈ। ਤਬ ਬਾਬਾ ਜੀਉ ਉਥੋ ਚਲਿਆ। ਮੁਨਾਫਕ ਦੇਸ।

ਸਾਖੀ ਇਕੁ ਰਾਜੇ ਨਾਲਿ 30

**Baba Nanak and Mardana with a King**



30.

### ਮੱਕੇ ਨੂੰ ਜਾਂਦੇ ਫਕੀਰ, ਬਾਬਾ ਨਾਨਕ ਤੇ ਮਰਦਾਨਾ

ਤਬ ਬਾਬਾ ਜੀ ਮਕੇ ਕੀ ਉਰ ਜਾਇ ਨਿਕਲੇ। ਰਾਹ ਵਿਚ ਕਿਤਣੇ ਕੁ ਫਕੀਰ ਮਿਲੈ। ਤਾ ਉਨੀ ਕਹਿਆ ਇਸ ਦੇਸ ਮਹਿ ਸਯਦਾ ਕੀ ਪਾਤਿਸਾਹੀ ਹੈ। ਹਿੰਦੂ ਕੋ ਮਾਰਿ ਡਾਲਤੇ ਹੈ ਹਮ ਡਰਤੇ ਹੈ ਤੂ ਹਮਾਰੇ ਸਾਥਿ ਨ ਚਲੁ। ਬਰਸ ਦਿਨ ਕਾ ਪੈਡਾ ਥਾ। ਜਾ ਉਹੁ ਫਕੀਰ ਜਾਇ ਦੇਖਣਿ ਤਾ ਬਾਬਾ ਜੀ ਅਗੇ ਹੀ ਬੈਠਾ ਹੈ।

(ਬਾਬਾ ਜੀ ਮੱਕੇ ਗਇਆ 31)

### Baba Nanak and Mardana with *Fakirs* on their way to Mecca

The *fakirs* asked Baba Nanak to leave their company as the Sayyid rulers of the country killed the Hindus. On reaching Mecca after a year, they found out that Baba Nanak had reached the place the very day.



## 31.

### ਬਾਬਾ ਨਾਨਕ ਭਗਤ ਕਬੀਰ ਨਾਲ

ਕੰਬੀਰ ਵਾਚ। 'ਜੁਗੋ ਜੁਗੋ ਗੁਰ ਨਾਨਕੁ ਜਪਿਆ ਕੀਟ ਮੁਰੀਦੁ ਕਬੀਰ। ਸੁਨਿ ਉਪਦੇਸੁ ਪੂਰੇ ਸਤਿਗੁਰੁ ਕਾ ਮਨ ਮਹਿ ਭਇਆ ਅਨੰਦੁ। ਮੁਕਤਿ ਕਾ ਦਾਤਾ ਬਾਬਾ ਨਾਨਕੁ ਰੰਚਕ ਰਾਮਾ ਨੰਦ'। ਤਬ ਬਾਬਾ ਜੀ ਨਿਰੰਕਾਰ ਕਾ ਸਰੂਪੁ ਉਥੋ ਜੋ ਅੰਤਰਿ ਧਿਆਨੁ ਧਰਿਉ ਨੇ। ਕਰਤਾਰਪੁਰ ਆਇ ਨਿਕਲੇ।

ਸਾਖੀ ਬਾਬੇ ਜੀ ਕੀ ਕੰਬੀਰ ਭਗਤੁ ਨਾਲਿ ਹੋਈ 32

### Baba Nanak and Bhagat Kabir

Bhagat Kabir acknowledged the spiritual paramountcy of Baba Nanak.



## 32.


### ਰਾਜੇ ਸ਼ਿਵਨਾਭ ਨਾਲ

ਤਾ ਭਗੀਰਥ ਅਤੇ ਉਹੁ ਬਾਣੀਆ ਚਲੈ ਗੁਰੂ ਬਾਬੇ ਪਾਸਿ ਆਏ। ਗੁਰੂ ਬਾਬੇ ਦੀ ਬਾਣੀ ਬਹੁਤ ਲਿਖ ਲੀਤੀਉਸ। ਪੋਥੀਆ ਲੀਤੀਉਸੁ। ਜਹਾ ਰਾਜਾ ਸਿਵਨਾਭ ਰਹਤਾ ਥਾ। ਉਸ ਨਗਰੀ ਜਾਇ ਰਹਿਆ। ਉਹੁ ਬਾਣੀਆ ਨ ਵਰਤ ਨ ਪੂਜਾ ਨ ਅਮਾਵਸੁ ਨ ਆਇਤਵਾਰ ਉਨ ਕੀ ਕਾਈ ਪਰਕਿਰਤ ਨ ਕਰੈ। ਤਬ ਚਲੀ ਚਲੀ ਬਾਤਿ ਰਾਜੇ ਸਿਵਨਾਭ ਪਾਸਿ ਚਲਿ ਪਈ। ਜੁ ਜੀ ਏਹੁ ਜੋ ਬਾਣੀਆ ਹੈ ਕਰਮੁ ਭ੍ਰਿਸਟਿ ਹੈ। ਤਬ ਉਨ ਰਾਜੇ ਕਹਿਆ ਜਾਹੁ ਰੇ ਉਸ ਬਾਣੀਏ ਕਉ ਬੁਲਾਇ ਲੈ ਆਵਹੁ। ਤਬ ਉਨਿ ਬਾਣੀਏ ਕਹਿਆ ਜੀ ਮੈਨੂੰ ਮਹਾਪੁਰਖੁ ਕਾ ਦਰਸਨਿ ਹੂਆ ਹੈ। ਜਿਸ ਕੈ ਦਰਸਨਿ ਮੁਕਤ ਪਾਈਐ। ਤਬ ਰਾਜੇ ਕਹਿਆ ਜੁ ਰੇ ਬਾਣੀਐ ਕਲਿਜੁਗ ਮਹਿ ਐਸਾ ਕਵਨੁ ਹੈ। ਕਹੈ ਜੀ ਗੁਰੂ ਬਾਬਾ ਨਾਨਕੁ ਹੈ। ਤਬ ਰਾਜਾ ਸਿਵਨਾਭੁ ਗੁਰੂ ਬਾਬੇ ਦੇ ਸਬਦੂ ਕਾ ਸਿਖੁ ਹੋਆ। ਕਹਿਆ ਜੁ ਹੋ ਭਾਈ ਬਾਣੀਆ ਤੂ ਮੇਰੇ ਤਾਈ ਆਪਣੇ ਸਾਥਿ ਲੈ ਚਲੁ। ਜਹਾ ਗੁਰੂ ਬਾਬਾ ਨਾਨਕੁ ਹੈ ਦਰਸਨੁ ਦੇਖਉ। ਤਬ ਉਨ ਬਾਣੀਏ ਕਹਿਆ ਜੀ ਇਉ ਚਲਿ ਕੇ ਕਿਆ ਜਾਣੀਐ ਤੂ ਪਹੁਚਿ ਸਕਹਿ ਕਿ ਨਾ। ਪਰ ਤੂ ਜੀਅ ਅਰਾਧ ਤੇਰੇ ਤਾਈ ਈਹਾ ਮਿਲੈਗਾ।

**ਗੋਸ਼ਟੁ ਰਾਜੇ ਸ਼ਿਭਨਾਭ ਸਾਥਿ ਹੋਈ 33**

### Baba Nanak and Mardana with King Shivanabh

King Shivanabh had a shopkeeping subject who did not observe Hindu rituals. He was complained against. He told the king of his redemptive meeting with Baba Nanak. The King wanted to travel to the place of Guru Nanak. The shopkeeper told the king, “You may not reach Baba Nanak, Baba Nanak would come to you”.



## 33.


**ਬਾਬਾ ਨਾਨਕ ਤੇ ਮਰਦਾਨੇ ਨਾਲ ਮਾਲੀ**

ਇਕੁ ਜੁ ਬਾਗੁ ਥਾ ਕਈ ਬਰਸਾ ਕਾ ਸੁਕਾ ਥਾ। ਉਸ ਕੇ ਚਉਗਿਰਦ ਕੋਟੁ ਥਾ। ਦਰਵਾਜਾ ਚੁਣਿਆ ਹੋਇਆ ਥਾ। ਤਾ ਬਾਬਾ ਨਾਨਕੁ ਉਸ ਹੀ ਬਾਗੁ ਮਹਿ ਜਾਇ ਵੜਿਆ। ਸੁ ਬਾਬੇ ਦੇ ਕਦਮ ਪਾਵਣੇ ਤੇ ਬਾਗ ਹਰਿਆ ਹੋ ਖੜਾ ਹੋਇਆ।

**ਗੋਸ਼ਟੁ ਰਾਜੇ ਸ਼ਿਵਨਾਭ ਸਾਥਿ ਹੋਈ 33**

**Baba Nanak and Mardana with a Gardener**

With the arrival of Baba Nanak, spring came to the garden which had been leafless for twelve years.




34.

**ਬਾਬਾ ਨਾਨਕ ਤੇ ਮਰਦਾਨਾ ਰਾਜੇ ਸ਼ਿਵਨਾਭ ਦੀਆਂ ਮੋਹਣੀਆਂ ਨਾਲ**

ਜਿਨ ਕੇ ਦਰਸਨੁ ਦੇਖੇ ਸੁਰ ਨਰੁ ਮੁਨਿ ਜਨ ਸਨਕਾਦਕ ਜਨਕਾਦਕ ਤਪੀ ਤਪੀਸਰ ਸਿੰਙੀ ਰਿਖ ਜੈਸੇ ਕਾ ਧਿਆਨੁ ਛੂਟਕਿ ਜਾਇ।

**ਗੋਸ਼ਟੁ ਰਾਜੇ ਸ਼ਿਵਨਾਭ ਸਾਥਿ ਹੋਈ 33**

**Baba Nanak and Mardana with Temptresses sent by King Shivanabh**




35.

ਰਾਜੇ ਸ਼ਿਵਨਾਭ ਨਾਲ ਬਾਬਾ ਨਾਨਕ ਤੇ ਮਰਦਾਨਾ

ਗੋਸ਼ਟ ਰਾਜੇ ਸ਼ਿਵਨਾਭ ਸਾਥਿ ਹੋਈ 33

**Baba Nanak and Mardana with King Shivanabh**



36.

ਭੁਟੰਤ ਦੇਸ ਦੇ ਬੰਦਿਆ ਨਾਲ ਬਾਬਾ ਨਾਨਕ ਤੇ ਮਰਦਾਨਾ

ਬਾਬਾ ਨਾਨਕੁ ਭੁਟੰਤ ਦੇ ਦੇਸ ਆਇਆ। ਆਇ ਕੇ ਬਾਗ ਵਿਚ ਬੈਠਾ। ਜਿ ਕੋਈ ਬਾਬੇ ਕਾ ਦਰਸਨੁ ਕਰੇ ਸੋ ਬਹਿ ਰਹੈ।

ਸਾਖੀ ਭੁਟੰਤ ਕੇ ਦੇਸ ਕੀ ਚਲੀ 35

**Baba Nanak and Mardana with men of Bhutant Country**



37.

ਬਾਬਾ ਨਾਨਕ ਤੇ ਮਰਦਾਨਾ

ਬਾਬਾ ਜੀ ਇਕੁ ਮੁਲਕੁ ਗਇਆ 36

**Baba Nanak and Mardana in a Country**



152
158

38.

**ਬਾਬਾ ਨਾਨਕ ਤੇ ਮਰਦਾਨਾ ਕਸ਼ਮੀਰ ਵਿਚ**

ਜਿ ਤੁਸੀ ਭਲੇ ਨਾਹੀ ਜਿ ਇਥੇ ਉਜਾੜ ਵਿਚ ਆਇ ਬੈਠੇ ਹੋ। ਕਿ ਜਾਪੇ ਤੁਸੀ ਚੋਰ ਹਹੁ ਕਿ ਵਾਟਪਾੜੇ ਹਹੁ। ਜੇ ਤੁਸੀ ਫਕੀਰ ਹੋਵਹੁ ਤਾ ਵਸਦੀ ਚਲਹੁ।

**ਸਾਖੀ ਬਾਬਾ ਜੀ ਕਸ਼ਮੀਰ ਗਏ 37**

## Baba Nanak and Mardana in Kashmir



39.

**ਬਾਲਕ ਦੇ ਰੂਪ ਬਾਬਾ ਨਾਨਕ ਤੇ ਮਰਦਾਨਾ**

ਤਾ ਬਾਬਾ ਬਾਰਹੁ ਬਰਸਾ ਕਾ ਨੀਗਰੁ ਹੋਇ ਬੈਠਾ। ਆਇਕੈ ਰੁਹੇਲਾ ਬਾਬੇ ਜੋਗ ਪਕੜਿ ਲੈ ਗਇਆ। ਰੁਹੇਲੇ ਜਾਇ ਕਰ ਵੇਚਿਆ। ਦੁਇ ਘੋੜੇ ਲੈ ਕੇ ਘਰਿ ਆਇਆ। ਤਾ ਉਸ ਦੇਸ ਕਾ ਪਾਣੀ ਸਭੋ ਹੀ ਸੁਕਿ ਗਇਆ। ਤਾ ਬਾਬੇ ਉਨਾ ਨੂੰ ਆਖਿਆ ਜਿ ਤੁਸੀ ਸਿਖੁ ਹੋਵਹੁ ਤਾ ਤੁਸਾ ਨੂ ਪਾਣੀ ਗੁਰੂ ਪੂਰਾ ਦੇ। ਤਾ ਉਹਨਾ ਕਹਿਆ ਭਲਾ। ਬਾਬੇ ਕਹਿਉਸੁ ਉਨਾ ਨੂ ਜੇ ਕੋਈ ਅਸਾਡਾ ਸਿਖੁ ਹੋਵਗੁ ਇਥੇ ਆਵਗੁ ਉਸ ਨੂੰ ਪਕੜਣਾ ਨਾਹੀ।

**ਬਾਬਾ ਜੀ ਰੁਹੇਲੇ ਪਠਾਣਾ ਦੇ ਦੇਸ ਜਾਇ ਨਿਕਲਿਆ 38**

## Baba Nanak, turned Boy and Mardana

Baba Nanak, turned boy, was thrice sold by a Rohilla Pathan. The Pathans are advised against the future persecution of the Sikhs.



**40.**


### ਅਯਾਲ, ਬਾਬਾ ਨਾਨਕ ਤੇ ਮਰਦਾਨਾ

ਤਾ ਬਾਬੇ ਉਸ ਨੂ ਆਖਿਆ ਜਿ ਤੂੰ ਜਾਹਿ ਨਗਰ ਵਿਚ ਕੋਈ ਵਡਾ ਆਦਮੀ ਹੈ ਤਿਸੁ ਨੂੰ ਸਦਿ ਲਿਆਉ। ਗੁਰੂ ਅੰਨ ਅਤੇ ਅਗਿ ਦੇਂਦਾ ਹੈ। ਤਾ ਉਹੁ ਆਵਦੋ ਹੀ ਪੈਰੀ ਪਇਆ। ਉਹ ਅੰਨ ਲੈ ਕੇ ਆਇਆ। ਬੀਜਦਿਆ ਹੀ ਅੰਨੁ ਜੰਮਿਆ ਦੁਹ ਪਹਰਾ ਵਿਚ ਪਕਾ ਪਹਰਿ ਵਿਚ ਗਾਹਿਆ ਰਾਤਿ ਉਰੇ ਹੀ ਘਰਿ ਲੈ ਗਏ।

ਬਾਬਾ ਜੀ ਇਕ ਰਾਜੇ ਦੇ ਦੇਸ ਆਇ ਨਿਕਲਿਆ 39

### Baba Nanak and Mardana with a Shepherd

Baba Nanak gave a carnivorous people the gift of corn and fire.



41.


**ਦੋ ਬੰਦੇ, ਬਾਬਾ ਨਾਨਕ ਤੇ ਮਰਦਾਨਾ**

**ਰੇ ਤੁਮ ਘਰਿ ਛਿਈ ਮੋਹੀਨੀ ਉਸਾਰਤੇ ਹੋ ਸਮੁੰਦ੍ਰ ਢਾਹਿ ਜਾਤਾ ਹੈ। ਬਾਬੇ ਕਹਿਆ। ਅਰੇ ਜਾਹੁ ਸਮੁੰਦ੍ਰ ਨ ਢਾਹੇਗਾ। ਪਰੁ ਤੁਸੀ ਸਿਖੁ ਹੋਵਹੁ।**

**ਤਾ ਬਾਬਾ ਜੀ ਇਕ ਰਾਜੇ ਦੇ ਦੇਸ ਗਇਆ 40**

## Baba Nanak and Mardana with two Countrymen

Baba Nanak stopped the sea from destroying a country every six months.



42.


**ਦੋ ਬੰਦੇ, ਬਾਬਾ ਨਾਨਕ ਤੇ ਮਰਦਾਨਾ**

ਉਹੁ ਲੋਕ ਆਇ ਬਾਬੇ ਪਾਸਿ ਬਹਿਨਿ। ਅਤੈ ਕਹਿਨਿ ਜੀ ਏਥੈ ਮਹੀਨੇ ਮਹੀਨੇ ਚਾਣਚਕਿ ਅਗਿ ਲਗਦੀ ਹੈ। ਤਾਂ ਬਾਬੇ ਆਖਿਆ ਨਾ ਲਗੇਗੀ ਆਗਿ ਗੁਰੂ ਦੂਰਿ ਕੀਤੀ ਹੈ।

**ਬਾਬਾ ਇਕਤ ਦੇਸ ਗਇਆ 41**

**Baba Nanak and Mardana with two Countrymen**

Baba Nanak saved a country, set on fire by a demon every month.



## 43.


### ਅਜਿੱਤਾ ਰੰਧਾਵਾ, ਬਾਬਾ ਨਾਨਕ ਤੇ ਮਰਦਾਨਾ

ਤਾ ਅਜਿਤੈ ਮਨ ਵਿਚ ਕਾੜਾ ਕੀਤਾ ਜਿ ਹਉ ਇਸ ਫਕੀਰੇ ਨਾਲਿ ਏਵੇ ਆਇਆ। ਸਉ ਰੁਪਈਯਾ ਸਾਹ ਦਾ ਦੇਣਾ ਹੈ। ਤਾ ਬਾਬੇ ਕਹਿਆ ਜਿ ਤੂੰ ਏਥਹੁ ਢੀਮ ਦੂਰਿ ਕਰਿ ਕੇ ਜਿਤਣੇ ਰੁਪਈਯੇ ਦੇਵਣੇ ਨੀ ਉਤਣਿਆ ਕਢਿ ਲੈ। ਅਜਿਤੈ ਲੋੱਭ ਕੀਤਾ ਰੁਪਈਯਾ ਬਹੁਤੁ ਲਇਆ ਸੂ। ਜਾਂ ਅਜਿਤੈ ਗਿਣੇ ਤਾ ਦੁਇ ਰੁਪਈਯੇ ਸਗਵਾ ਘਟੈ। ਤਾ ਬਾਬੇ ਕਹਿਆ ਜਿ ਜਾਹਿ ਉਤੇ ਥਾਇ ਹੋਨੀਗੇ ਰੁਪਈਯੇ ਦੋਵੈ। ਜਾ ਅਜਿਤਾ ਜਾਇ ਕੇ ਦੇਖੈ ਤਾ ਦੋਵੈ ਰੁਪਈਯੇ ਪਏ ਹਨ।

**ਸਾਖੀ ਅਜਿਤੈ ਨਾਲਿ ਹੋਈ 42**

### Baba Nanak and Mardana with Ajita Randhawa

Baba Nanak asked Ajita Randhawa to pick up as much money as he owed. But he picked the pile up. On counting, he found himself short by two rupees. Baba Nanak directed him to collect the deficit from the place.



## 44.

### ਅੱਚਲ ਸਿੱਧਾਂ ਨਾਲ ਬਾਬਾ ਨਾਨਕ ਤੇ ਮਰਦਾਨਾ

ਤਾ ਲਗੇ ਸਿਧ ਕਰਾਮਾਤ ਕਰਣਿ। ਤਾ ਬਾਬੇ ਕਰਾਮਾਤ ਸਿਧਾ ਦੀ ਖਸਿ ਲਈ। ਫ਼ਰਿ ਕਛੁ ਨ ਸਕਨ ਖਾਲੀ ਹੋਇ ਬੈਠੇ। ਤਾ ਬਾਬੇ ਕਹਿਆ ਜਿ ਬਹੁਤੁ ਲਕੜੀਆ ਕਾਠਿ ਮੰਗਵਾਹੁ। ਅਤੈ ਫੂਕੁ ਅਗਿ ਦਿਤੀ। ਤਾ ਬਾਬੇ ਇਕਸ ਸਿਖ ਨੂੰ ਕਹਿਆ ਤੂ ਵਾਹੁਗੁਰੁ ਆਖਿ ਕੈ ਵਿਚ ਜਾਇ ਬਹੁ। ਜਾ ਬਾਬੇ ਏਹ ਗਲਿ ਆਖੀ ਤਾਂ ਮਾਰਦੋ ਛਾਲਿ ਵਿਚ ਜਾਇ ਬੈਠਾ। ਸਵਾ ਪਹਰੁ ਅਗ ਵਿਚ ਹੀ ਰਹਿਆ। ਤਾ ਉਹ ਬਾਹਰ ਆਇਆ। ਜਾ ਵੇਖਣਿ ਤਾ ਇਕੁ ਵਾਲੁ ਭੀ ਨਾਹੀ ਸੜਿਆ। ਤਾ ਸੰਗਤੀਏ ਹਥਿ ਜੋੜਕੇ ਅਰਦਾਸ ਕੀਤੀ ਜੀ ਪਾਤਿਸਾਹ ਸਿਧ ਖਰੇ ਦਲਗੀਰੁ ਹੈਨ। ਇਨਾ ਨੂੰ ਸਿਧਿ ਮਿਲੈ। ਤਾ ਗੁਰੂ ਹਸਿਆ ਜਾਹਿ ਬਚਾ ਸਿਧਿ ਇਨਾ ਨੂੰ ਦੇਣੀ ਨਾਹ ਸੀ ਪਰੁ ਤੇਰੇ ਵਾਸਤੇ ਸਿਧਿ ਇਨਾ ਨੂੰ ਦਿਤੀ।

ਸਾਖੀ ਬਾਬਾ ਜੀ ਅਚਲ ਗਇਆ 43

### Baba Nanak and Mardana with *Siddhas* at Achal

The *siddhas* were drained of their miraculous powers by Baba Nanak. On his suggestion, a Sikh jumped into the fire. After three hours he came out unharmed. The Sikh pleaded successfully with Baba Nanak to restore the power of working miracles to the sorrowful *siddhas*.



## 45.

**ਉਤਮੁ ਭੰਡਾਰੀ, ਸੁਲਤਾਨ ਗੁਜਰ, ਬਾਬਾ ਨਾਨਕ ਤੇ ਮਰਦਾਨਾ**

ਪਾਣੀ ਜਿ ਛੁੜਕਿਆ ਸੋ ਨਗਰੀ ਆਇ ਪਇਆ। ਤਾ ਉਹੁ ਲੋਕੁ ਹੈਰਾਨ ਹੋਇ ਰਹਿਆ। ਆਖਣਿ ਲਗੇ ਜਿ ਏਥੇ ਪਾਣੀ ਕਦੇ ਨਾਹ ਸੀ ਆਇਆ। ਤਾ ਰਾਜੇ ਵਜੀਰੁ ਘਲਿਆ। ਜਾ ਦੇਖੈ ਤਾ ਇਕੁ ਮਹਾ ਪੁਰਖੁ ਬੈਠਾ ਹੈ। ਅਤੇ ਦੁਇ ਨਾਲਿ ਨੀਗਰ ਹੈਨ।

**ਬਾਬਾ ਜੀ ਏਕ ਦੇਸ ਗਏ 44**

### Baba Nanak and Mardana with Uttam Bhandari and Sultan Gujjar

Baba Nanak sent a stream into a waterless town in the mountains.



46.

## ਦੱਤਾਤ੍ਰਯ ਦੇ ਸੰਨਿਆਸੀ, ਬਾਬਾ ਨਾਨਕ ਤੇ ਮਰਦਾਨਾ

ਤਾ ਬਾਬਾ ਹਿੰਵਚਲ ਆਇਆ। ਜਾ ਦੇਖੈ ਤਾ ਅਗੈ ਦਤੁ ਬੈਠਾ ਹੈ। ਇਕ ਸੰਨਿਆਸੀ ਨੂੰ ਚਾਰਿ ਸੰਨਿਆਸੀ ਪਕੜਿ ਕੇ ਹਿੰਵਚਲ ਨਵਾਲ ਕਢਦੇ ਹੈਨ। ਅਤੇ ਅਗਿ ਸਿਕਾਇਦੇ ਹੈਨ। ਧੁਪੈ ਪਾਇ ਛਡਦੇ ਹੈਨ। ਕੋਈ ਜੀਵਦਾ ਹੈ ਕੋਈ ਮਰਦਾ ਹੈ। ਤਾ ਬਾਬੇ ਉਪਰਹੁ ਛਾਲਿ ਮਾਰੀ। ਅਤੇ ਜਪੁ ਪੜਿਆ। ਅਤੇ ਆਖਿਉਸੁ ਬਚਾ ਪਵਹੁ ਛਾਲਾ ਮਾਰਕੇ। ਪਏ ਲਗੇ ਨਾਵਣਿ। ਉਨਾ ਨੂ ਪਾਣੀ ਏਹਾ ਲਗੇ ਜੇਹਾ ਸਜਰਾ ਪਾਣੀ ਲਗਦਾ ਹੈ। ਤਾ ਦਤੁ ਸਭਨਾ ਨੂੰ ਛਡਿ ਕੈ ਰਾਤੀ ਬਾਬੇ ਪਾਸਿ ਆਇਆ। ਤਾ ਦਤੁ ਪਹਿਲਾ ਦਰੀਆਉ ਬੁਲਾਇਆ। ਦਰੀਆਉ ਨ ਆਇਉ। ਅਗਿ ਬੁਲਾਈ ਤਾ ਅਗਿ ਭੀ ਨ ਆਈ। ਤਾ ਫਿਰ ਮਿਰਗਾਣੁ ਉਡਾਵਣਾ ਰਚਾਇਆ ਮਿਰਗਾਣੁ ਭੀ ਨ ਉਡੀਉ। ਉਠਿ ਕੇ ਬਾਬੇ ਪੂਰੇ ਪੁਰਖ ਦੀ ਪੈਰੀ ਪਇਆ।

**ਤਾ ਬਾਬਾ ਹਿੰਵਚਲ ਆਇਆ 45**

## Baba Nanak and Mardana with Dattatreya and his *Sannyasis*

Baba Nanak came upon a group of *sannyasis* washing in icy water. A *sannyasi* dipped in water was warmed by a fire or left in the sun. Some died, a few survived. Baba Nanak jumped into the tank asking others to follow him. They felt the water fresh and warm. Dattatreya tried but failed to work miracles before Baba Nanak to subsequently fall at his feet.



47.

### ਸ਼ਾਹ, ਬਾਬਾ ਨਾਨਕ ਤੇ ਮਰਦਾਨਾ

ਬਾਬੇ ਉਸ ਸਾਹ ਨੂੰ ਇਕੁ ਸੂਈ ਆਪਣੇ ਪਾਸਹੁ ਦਿਤੀ। ਅਤੇ ਆਖਿਉਸੁ ਭਾਈ ਸਾਹ ਏਹੁ ਸੂਈ ਅਸਾਡੀ ਅਮਾਨਤ ਰਖੁ। ਅਸੀ ਸੂਈ ਨੂੰ ਤੁਧੁ ਪਾਸਹੁ ਦਰਗਾਹ ਵਿਚ ਮੰਗਿ ਲੈਸਾਹੇ। ਉਸ ਪਿਛੋ ਚਿਤਵਣੀ ਹੋਈ। ਬਾਬੇ ਦੇ ਪਿਛੈ ਭੰਨਾ। ਤਾ ਆਖਿਉਸੁ ਏਹ ਸੂਈ ਆਪਣੀ ਲੇਵਹੁ। ਮੇਰੀ ਨਾਲਿ ਨਿਭਦੀ ਨਾਹੀ। ਬਾਬੇ ਆਖਿਆ। ਏਹੁ ਚਾਰ ਖਜਾਨੇ ਗੰਜ ਮਾਲ ਦੇ ਤੇਰੇ ਨਾਲਿ ਕਿਉਕਰਿ ਚਲਸਨਿ। ਤਬ ਉਹ ਸਾਹ ਦੇ ਕਪਾਟ ਖੁਲ ਗਏ। ਆਇ ਕੈ ਸਭ ਮਾਲ ਮਤਾਹ ਲੁਟਾਇ ਦਿਤੀਆਸੁ।

**ਬਾਬੇ ਇਕੁ ਦੇਸ ਜਾਇ ਨਿਕਲਿਆ 46**

### A Magnate, Baba Nanak and Mardana

Baba Nanak gave the magnate a needle to keep and to return him in the court of God. The magnate was enlightened. He distributed his treasures to the poor.




48.

### ਠੱਗ, ਬਾਬਾ ਨਾਨਕ ਤੇ ਮਰਦਾਨਾ

ਕੋਹਾ ਪੰਜਾ ਛਿਆ ਉਪਰ ਉਜਾੜ ਵਿਚ ਜਾਇ ਮਿਲੇ। ਆਖਣਿ ਲਗੇ ਜੋ ਖੜਾ ਹੋ ਨਾਹੀ ਤਾ ਇਕੁ ਇਕੁ ਡਾਗ ਦੀ ਇਜੇਹੀ ਮਾਰਨੇ ਹੂ ਜੁ ਤੇਰੀ ਮੁਕਤਿ ਹੋਇ ਜਾਦੀ ਹੈ।

**ਸਾਖੀ ਠਗਾ ਦੀ ਚਲੀ 47**

### Baba Nanak and Mardana with Thugs




**49.**

### ਭੂਮੀਆ ਚੋਰ, ਬਾਬਾ ਨਾਨਕ ਤੇ ਮਰਦਾਨਾ

ਇਕੁ ਚੋਰੁ ਬੜਾ ਸਰਦਾਰੁ ਭੂਮੀਆ ਪੰਜ ਸੈ ਘੋੜੀ ਦਾ ਖਾਵੰਦ। ਅਤੇ ਉਸ ਦੇ ਹਥੋਂ ਚੋਰ ਚਲਨਿ। ਅਤੇ ਬਹੁਤੁ ਧਰਮਿ ਆਤਮਾ ਹਥਿ ਦਾ ਸਖੀ। ਬਾਬਾ ਜੀ ਕਉ ਘਰਿ ਲੈ ਗਇਆ। ਤਬ ਉਸੁ ਭੂਮੀਏ ਕਹਿਆ ਜੁ ਜੀ ਮੈਨੂੰ ਸਿਖੁ ਕਰੀਐ। ਬਾਬੇ ਕਹਿਆ ਤੈਨੂੰ ਸਿਖ ਤਾ ਕਰੀ ਜੇ ਇਹ ਕਰਤੂਤ ਛੋਡੇ। ਤਾ ਉਸਿ ਭੂਮੀਏ ਕਹਿਆ ਜੀ ਜੋ ਜੋ ਕਿਛੁ ਹੋਰੁ ਆਖੈ ਸੋ ਕਬੂਲੁ ਹੈ ਸਿਰ ਮੰਗੇ ਭਾਵੈ ਜਾਨਿ ਮੰਗੇ ਸੁ ਹਾਜੁਰੁ ਹੈ ਪਰੁ ਏਹ ਕਰਤੂਤ ਅਸਾਡੇ ਪਿਉ ਦਾਦੇ ਚਲੀ ਆਈ ਹੈ।

**ਸਾਖੀ ਭੂਮੀਏ ਨਾਲਿ ਹੋਈ 48**

## Baba Nanak and Mardana with a Robber Landlord



50.

ਇਸਤ੍ਰੀ ਰੂਪੀ ਸ਼ੇਖ ਸ਼ਰਫ, ਬਾਬਾ ਨਾਨਕ ਤੇ ਮਰਦਾਨਾ

ਬਾਬੇ ਪੁਛਿਆ ਸੇਖਾ ਏਹ ਕਿਆ ਸਾਗ ਕੀਤਾ ਹੈ। ਕਹੈ ਜੀ ਪੀਉ ਮਿਲਣਿ ਦੀ ਨਮਤਿ ਸੀਗਾਰ ਕੀਤਾ ਹੈ। ਤਾ ਬਾਬੇ ਕਹਿਆ ਸੇਖ ਜੀ ਭੇਖੀ ਕੀਤੀ ਸਹੁ ਰੀਝਦਾ ਨਾਹੀ। ਬਾਬੇ ਜੀ ਕੀ ਨਜਰਿ ਭਰ ਦੇਖਣੇ ਨਾਲਿ ਸੇਖ ਤਾਈ ਦ੍ਰਿਬ ਦ੍ਰਿਸਟ ਹੋਇ ਗਈ।

**ਸਾਖੀ ਗੋਸਟ ਸੇਖ ਸਰਫ ਨਾਲਿ ਹੋਈ 49**

**Baba Nanak and Mardana with Shaikh Sharf, dressed as a Woman**



51.

**ਸਿਖ, ਬਾਬਾ ਨਾਨਕ ਤੇ ਮਰਦਾਨਾ**

ਉਨਾ ਆਖਿਆ ਸਾਧੁ ਮਿਲੇ ਦਾ ਫਲੁ ਤੈਨੂੰ ਅਜੇ ਮਲੂਮ ਨ ਹੋਇਆ। ਅਸਾਨੂ ਤੇਰੇ ਦਰਸਨ ਲਗਿਆ ਕਾ ਫਲੁ ਹੋਇਆ। ਜੁ ਅਸਾਡਾ ਜਨਮੁ ਸਉਰਿਆ ਅਸੀ ਵਡੇ ਹਤਿਆਰੇ ਪਾਪੀ ਜੀਅ ਸੇ ਤੇ ਕਾਉ ਦੀ ਜੂਨ ਪਾਏ ਸੇ। ਪਹਲੇ ਦਿਨ ਜੁ ਤੇਰਾ ਦਰਸਨੁ ਹੋਇਆ। ਅਸੀ ਬਗੁਲੀ ਬਗੁਲਾ ਹੋਇ ਗਏ। ਦੂਸਰੇ ਦਿਨੁ ਤੇਰੇ ਦਰਸਨੁ ਲਗਿਆ ਹੰਸਣੀ ਹੰਸ ਹੋਏ। ਤੀਜੇ ਦਿਨੁ ਤੇਰੇ ਦਰਸਨੁ ਡਿਠਿਆ ਮਨੁਖ ਦੇਹ ਸਾਵਧਾਨੁ ਪਾਈ। ਉਹ ਧੰਨੁ ਤੇਰਾ ਗੁਰਦੇਵ ਹੈ ਜੁ ਤੇਰੇ ਦਰਸਨੁ ਕੀਤਿਆ ਅਸਾ ਪਾਪੀਆ ਦੀ ਗਤਿ ਹੋਈ।

**ਸਾਖੀ ਬਾਬੇ ਜੀ ਕੀ ਇਕ ਸਿਖੁ ਨਾਲਿ ਹੋਈ 50**

## Baba Nanak and Mardana with a Sikh

A Sikh wanted to know the merit of meeting a virtuous man. He was repeatedly sent by Baba Nanak to a spot in the jungle. His sight turned the crows into herons. Next day, the herons changed into swans. On his third visit the swans turned into a human couple, who besought the sight of the Guru of such a Sikh.



## 52.


### ਫੈਲਸੂਫ, ਬਾਬਾ ਨਾਨਕ ਤੇ ਮਰਦਾਨਾ

ਜੇ ਏਕ ਬਾਰ ਘਰੁ ਤਿਆਗਿ ਨਿਕਲੇ। ਤਾ ਫਿਰ ਕਿਆ ਦੁਨੀਆ ਦੇ ਘਰਾ ਅਗੇ ਜਾਇ ਹਥੁ ਅਡੇ। ਤਾ ਇਸ ਨੂ ਘਰੁ ਹੀ ਭਲਾ। ਮਤੁ ਕਛੁ ਮਸਕਤਿ ਵਿਚ ਖੁਦਾਇ ਦੇ ਨਾਇ ਭੀ ਨਿਕਲੇ।

**ਸਾਖੀ ਬੀਚਾਰ ਫਕੀਰੀ ਕਾ 51**

### Baba Nanak and Mardana with a Philosopher

It is not renunciation if one has to beg at the doors of the householders.


200

53.


### ਬਾਬਾ ਨਾਨਕ, ਗੋਰਖ, ਕਾਲ ਤੇ ਮਰਦਾਨਾ

ਫਿਰ ਸਿਧ ਨੇ ਕਾਲਿ ਬੁਲਾਇਆ। ਫਿਰ ਕਾਲੁ ਦਲਗੀਰੁ ਹੋਇਆ। ਕਾਲ ਕਹਿਆ ਮੈ ਹੁਕਮੁ ਵਿਚੁ ਹਾ। ਤਾ ਬਾਬੇ ਕਾਲ ਕੀ ਉਸਤਤਿ ਕੀਤੀ।

ਗੋਸ਼ਟ ਗੋਰਖ ਨਾਲਿ ਹੋਈ 52

### Baba Nanak, Gorakh, Kala (death) and Mardana

The *siddha* called for Kala. Kala was saddened. He offered to be obedient to Baba Nanak, who then praised him.



## 54.

### ਬਾਬਾ ਨਾਨਕ, ਗੁਰੂ ਅੰਗਦ ਤੇ ਮਰਦਾਨਾ

ਤਦਿ ਗੁਰੂ ਬਾਬੇ ਨਾਨਕੁ ਜੀ ਕਹਿਆ। ਜੁ ਬਚਾ ਮੈ ਤੁਧੁ ਉਪਰੁ ਹਥੁ ਰਖਿਆ ਹੈ। ਜਿਉ ਏ ਤਿਉ ਆਖਿ।

ਗੋਸਟ ਗੁਰੂ ਬਾਬੇ ਜੀ ਕੀ ਅੰਗਦੂ ਨਾਲਿ ਹੋਈ 53

### Baba Nanak, Guru Angad and Mardana

Guru Angad was authroised by Baba Nanak to speak of God.



## 55.


**ਬਾਬਾ ਨਾਨਕ, ਗੁਰੂ ਅੰਗਦ ਤੇ ਮਰਦਾਨਾ**

ਤਬ ਗੁਰੂ ਅੰਗਦ ਜੀ ਕਹਿਆ ਪਾਤਿਸਾਹ ਗੁਰੂ ਭੀ ਤੂਹੇ ਅਰੁ ਗੋਵਿੰਦੁ ਭੀ ਤੂਹੇ। ਦੂਜਾ ਕੋਈ ਨਜਰਿ ਨਾਹੀਂ ਆਵਦਾ।

**ਸਾਖੀ ਗੁਰੂ ਅੰਗਦ ਨਾਲਿ 54**

**Baba Nanak, Guru Angad and Mardana**

"O Emperor, you are Guru, you are Gobind. There is none besides you", Guru Angad said to Baba Nanak.



## 56.

### ਬਾਬਾ ਨਾਨਕ, ਗੁਰੂ ਅੰਗਦ ਤੇ ਮਰਦਾਨਾ

ਅੰਗਦ ਜੀ ਕਿਆ ਦੇਖੇ ਸਾਰਾ ਬਾਬੇ ਜੀ ਕਾ ਪਿੰਡਾ ਵਲੂੰਧਰਿਆ ਹੋਇਆ ਹੈ। ਤਾ ਅੰਗਦੁ ਜੀ ਪੁਛਿਆ। ਬਾਬੇ ਕਹਿਆ। ਜੁ ਬਚਾ ਅੰਗਦਾ ਫਲਾਣਾ ਸਿਖੁ ਅਯਾਲੂ ਝਾੜਾ ਦੇ ਵਿਚ ਬਕਰੀਆ ਚਰਾਇਦਾ ਫਿਰਦਾ ਹੈ। ਅਤੇ ਨਾਲੇ ਆਰਤੀ ਸੋਹਲਾ ਪੜਦਾ ਹੈ। ਮੇਰਾ ਪ੍ਰਣ ਜਿਥੇ ਆਰਤੀ ਸੋਹਿਲਾ ਹੋਵੈ ਉਥੇ ਜਾਇ ਰਹਿਣਾ। ਫਿਰ ਉਸ ਸਿਖ ਨੂੰ ਸਦਾਇਆ ਬਹੁਤੁ ਖੁਸੀ ਹੋਈ। ਜੁ ਬਚਾ ਧਨ ਤੇਰੀ ਪ੍ਰੀਤਿ।

**ਸਾਖੀ ਗੁਰੂ ਬਾਬੇ ਜੀ ਕੀ 55**

### Baba Nanak, Guru Angad and Mardana

Baba Nanak had scratches on his body because a shepherd was reciting his hymn in the bushes.



## 57.

**ਬਾਬਾ ਨਾਨਕ ਤੇ ਮਰਦਾਨਾ, ਤਿੰਨ ਜੋਗੀਸਰਾਂ ਨਾਲ ਕਮਲਾ**

ਜਾ ਕਮਲਾ ਦੇਖੇ ਤਾ ਜੋਗੀਸਰ ਦੇ ਸੁਰੂਪੁ ਜਣੇ ਤ੍ਰੈਇ ਬੇਲੇ ਵਿਚ ਬੈਠੇ ਹੈਨ। ਉਨੀ ਬਿਭੂਤ ਕੀ ਚੁਟਕੀ ਦਿਤੀ। ਕਮਲਾ ਬੋਲਿਆ ਪਿਤਾ ਜੀ ਮੈ ਇਕੁ ਸਨੇਹਾ ਆਦਾ ਹੈ। ਫਿਰ ਬਾਬਾ ਬੋਲਿਆ ਕਮਲਿਆ ਅਸਾਡਾ ਤੈ ਸਨੇਹਾਂ ਆਦਾ।

**ਸਾਖੀ ਚਲਾਣੇ ਦੀ 57**

### Baba Nanak and Mardana, three *Jogeshwaras* with Kamla

The three *jogeshwaras* sent a pinch of ashes, symbolic of death, to Baba Nanak through Kamla.



ਸੰਮਤ । 1595 । ਵਰਖੇ ਮਾਹਿ ਅਸੂ ਸੁਦੀ 10
ਕ੍ਰੇ ਦਿਨ ਬਾਬਾ ਨਾਨਕੁ ਸਮਾਣਾ। ਕਰਤਾਰਪੁਰ ਵਿਚ

ਸਾਖੀ ਸੰਪੂਰਣ ਹੋਈ 57

ਸੰਮਤ । 1790 । ਮਿਤੀ ਭਾਦੋਂ ਸੁਦੀ 3 ਵਾਰ ਸੁਕਰੁ।
ਜੋਗ ਸੰਪੂਰਣੁ ਹੋਈ। ਲਿਖਤੰ ਸੰਗਤਿ ਕਾ ਟਹਲੂ ਦਇਆ ਰਾਮੁ ਅਬਰੋਲੁ।

ਸਿਰੀ ਗੁਰੂ ਜੀ ਕੇ ਨਿਵਾਜੇ ਭਾਈ ਸੰਗ੍ਰਮਲ। ਪਾਸੈ ਪੇਰੀ ਪਵਣਾ ਵਾਚਣਾ।

ਬੀ ੪੦

ਗੁਰੂ ਬਾਬਾ ਨਾਨਕ

# ਜਨਮ ਸਾਖੀ

# ਚਿੱਤ੍ਰਾਵਲੀ